ISSN 0972-2335

# ਅੰਮ੍ਰਿਤ ਕੀਰਤਨ

ਭਾਦੁਇ ਭਰਮਿ ਭੁਲਾਣੀਆ ਦੂਜੇ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥

**ਅਗਸਤ 2024**

**ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



# ਅਰਦਾਸ

ਪਰੀ ਪੂਰਨ ਪ੍ਰਮਾਤਮਾਂ ਘਟ ਘਟ ਰਵਿਆ ਜੋਇ,
ਆਦਿ ਸੱਚ ਜੁਗਾਦਿ ਸੱਚ ਹੈ ਭੀ ਹੋਸੀ ਸੋਇ।

ਰਵਿ,ਸਸ,ਬ੍ਰਹਿੰਮਡ,ਗਗਨ,ਧਰਨ,ਵਿਆਪਕ ਰਹਿਆ ਸਬਾਇ,
ਪਰਬਤ,ਸਿੰਧ,ਸਰ ਧਾਵਤਾ,ਬਨ,ਖੰਡ, ਰਹਿਆ ਸਮਾਇ।

ਅੰਡਜ,ਜੇਰਜ,ਉਤਭੁਜ,ਸੇਤਜ,ਸਭੇ ਉਤਪੱਤ ਜਾਨ,
ਸਭ ਦਾ ਹੈ ਪ੍ਰਿਤਪਾਲਕਾ ਉਹ ਪੂਰਨ ਭਗਵਾਨ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਅਰਦਾਸ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ — ਟਾ-2

ਸੰਪਾਦਕੀ : ਕਰਉ ਬੇਨੰਤੀਆ - ਦੁੱਖ ਅਤੇ ਦਰਦ — 2

ਆਜ਼ਾਦੀ
ਪ੍ਰੋ. ਨਵ ਸੰਗੀਤ ਸਿੰਘ — 4

ਅਜ਼ੀਮ ਸੰਗੀਤਕ ਸ਼ਖ਼ਸੀਅਤ :ਡਾ. ਨਿਵੇਦਿਤਾਸਿੰਘ
ਜਸਪ੍ਰੀਤ ਕੌਰ — 6

**ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ**
**ਸੁਖਵਿੰਦਰ ਸਿੰਘ ਸਾਗਰ** — 9

ਗੁਰਮਤਿ ਸੰਗੀਤ ਦੇ ਅਨਮੋਲ ਹੀਰੇ - ਪ੍ਰੋ.ਦਰਸ਼ਨ ਸਿੰਘ 'ਕੋਮਲ'
ਤੀਰਥ ਸਿੰਘ ਢਿੱਲੋਂ — 15

ਰਾਗ ਆਸਾਵਰੀ ਤਿੰਨ ਤਾਲ
ਅਰਸ਼ਦੀਪ ਸਿੰਘ — 17

ਰਾਗ ਕਬੀਰ ਭੈਰਵ
ਗੁਰਬਖਸ਼ ਸਿੰਘ — 19

ਤਿੰਨ ਤਾਲ ਦੀਆਂ ਉਠਾਨਾਂ / ਮੋਹਰੇ
ਪ੍ਰੋ. ਹਰਭਜਨ ਸਿੰਘ ਧਾਰੀਵਾਲ — ਟਾ-3


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਦੁੱਖ ਅਤੇ ਦਰਦ

ਪਿੱਛੇ ਜਿਹੇ ਪੁਰਾਤਨ ਕਵੀ ਰੂਮੀ ਦੀਆਂ ਕਵਿਤਾਵਾਂ ਪੜ੍ਹੀਆਂ 'ਦੁੱਖ' ਅਤੇ 'ਦਰਦ'। ਇਹ ਕਵਿਤਾਵਾਂ ਪੜ੍ਹ ਕੇ ਅਸੀਂ ਸਧਾਰਨ ਮਨੁੱਖ ਆਪਣੇ ਦੁੱਖ ਅਤੇ ਦਰਦ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਣ ਲੱਗ ਜਾਂਦੇ ਹਾਂ। ਇਹ ਕਵੀ ਦੁੱਖ ਅਤੇ ਦਰਦ ਨੂੰ ਇਤਨਾ ਵਡਿਆ ਦਿੰਦੇ ਹਨ ਕਿ ਸਾਨੂੰ ਜਾਪਣ ਲੱਗ ਪੈਂਦਾ ਹੈ ਕਿ ਜਿਵੇਂ ਦੁੱਖ ਵੀ ਜ਼ਿੰਦਗੀ ਲਈ ਬਹੁਤ ਜ਼ਰੂਰੀ ਹੈ।

ਸਾਡੇ ਜਿਹੇ ਸਧਾਰਨ ਬੰਦਿਆਂ ਲਈ ਗੁਰਬਾਣੀ ਆਖਦੀ ਹੈ-
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
(ਆਸਾ ਮਹਲਾ ਨੌਵਾਂ ਅੰਗ 411)
ਅਤੇ ਦੂਖ ਤੋਂ ਬਚਣ ਲਈ ਪਰਮਾਤਮਾ ਦੀ ਓਟ ਲੈਣ ਲਈ ਅਨੇਕ ਥਾਵਾਂ ਤੇ ਕਿਹਾ ਗਿਆ ਹੈ। ਪਰ----
ਸੁਖ ਕੋ ਮਾਗੈ ਸਭ ਕੋ ਦੁਖੁ ਨ ਮਾਗੈ ਕੋਇ॥
ਸੁਖੈ ਕਉ ਦੁਖ ਅਗਲਾ ਮਨਮੁਖਿ ਬੂਝ ਨ ਹੋਇ॥
ਸੁਖੁ ਦੁਖੁ ਸਮ ਕਰਿ ਜਾਣੀਐ ਸਬਦਿ ਭੇਦਿ ਸੁਖੁ ਹੋਇ॥
(ਸਿਰੀ ਰਾਗ ਮਹਲਾ ਪਹਿਲਾ, ਅੰਗ 57)

ਸੁਖ ਦੁਖ ਬਾਰੇ ਗੁਰਬਾਣੀ ਦਾ ਮਨੋਰਥ ਹੈ-
ਜੋ ਨਰ ਦੁਖ ਮਹਿ ਦੁਖੁ ਨਹੀ ਮਾਨੈ॥
ਸੁਖ ਸਨੇਹ ਅਰ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥
(ਸੋਰਠਿ ਮਹਲਾ ਨੌਵਾਂ ਅੰਗ 633)

ਖੈਰ, ਵੱਡਿਆਂ ਦੀਆਂ ਵੱਡੀਆਂ ਗੱਲਾਂ। ਆਪਾਂ ਪਹਿਲਾਂ ਰੂਮੀ ਦੀਆਂ ਇਹ ਕਵਿਤਾਵਾਂ ਪੜ੍ਹ ਲਈਏ-

ਇਹ ਜਿਹੜਾ ਜ਼ਖਮ ਤੁਹਾਨੂੰ ਲੱਗਾ ਹੈ
ਇਹੀ ਉਹੀ ਥਾਂ ਹੈ,
ਜਿੱਥੋਂ ਰੋਸ਼ਨੀ ਤੁਹਾਡੇ ਅੰਦਰ ਦਾਖਲ ਹੋਵੇਗੀ।

ਇਹ ਦਰਦ ਜੋ ਤੁਸੀਂ ਮਹਿਸੂਸ ਕਰ ਰਹੇ ਹੋ,
ਇਹ ਕੇਵਲ ਦਰਦ ਨਹੀਂ ਹੈ,
ਇਹ ਇੱਕ ਦੂਤ ਹੈ
ਜਿਹੜਾ ਤੁਹਾਡੇ ਕੋਲ ਕਿਸੇ ਦਾ ਸੁਨੇਹਾ ਲਿਆਇਆ ਹੈ।
ਇਸ ਸੁਨੇਹੇ ਨੂੰ ਬੜੇ ਧਿਆਨ ਨਾਲ ਸੁਣੋ।

ਦਰਦ ਦੇ ਅੰਦਰ ਛੁਪਿਆ ਹੁੰਦਾ ਹੈ
ਦਰਦ ਦਾ ਇਲਾਜ।

ਦੁੱਖ ਤੁਹਾਨੂੰ ਤਿਆਰ ਕਰਦਾ ਹੈ
ਤਾਂਕਿ ਤੁਸੀਂ ਨਵੇਂ ਸੁਖ ਦਾ ਸਵਾਗਤ ਕਰ ਸਕੋ।
ਦੁਖ ਤੁਹਾਡੇ ਘਰ ਨੂੰ ਸਾਫ ਕਰਦਾ ਹੈ
ਤਾਂਕਿ ਤੁਸੀਂ ਨਵੇਂ ਸੁਖ ਨੂੰ ਉਥੇ ਬਿਠਾ ਸਕੋ।

ਤੁਹਾਡੇ ਦਿਲ ਦੇ ਰੁੱਖ ਨੂੰ ਝੰਜੋੜਦਾ ਹੈ ਦੁੱਖ,
ਤਾਂ ਕਿ ਸਾਰੇ ਪੀਲੇ ਪੱਤੇ ਝੜ ਜਾਵਣ,
ਉਸਦੀ ਥਾਂ ਨਵੀਂਆਂ ਪੱਤੀਆਂ, ਨਵੀਆਂ ਕਰੂੰਬਲਾਂ ਉਗ ਆਉਣ।

ਆਪਣੇ ਦਿਲ ਨੂੰ ਉਦੋਂ ਤਕ ਤੁੜਵਾਂਦੇ ਰਹੋ
ਜਦੋਂ ਤਕ ਇਹ ਪੂਰੀ ਤਰ੍ਹਾਂ ਖੁੱਲ੍ਹ ਨਾ ਜਾਵੇ।

ਦੁੱਖ ਤੁਹਾਡੀਆਂ ਸੜੀਆਂ ਹੋਈਆਂ ਜੜ੍ਹਾਂ ਨੂੰ ਪੁੱਟ ਦਿੰਦਾ ਹੈ
ਤਾਂ ਕਿ ਉਸ ਦੇ ਹੇਠਾਂ ਛੁਪੀਆਂ ਹੋਈਆਂ ਨਰੋਈਆਂ ਜੜ੍ਹਾਂ ਨੂੰ
ਫੈਲਣ ਲਈ ਥਾਂ ਮਿਲ ਸਕੇ।
ਦੁੱਖ ਤੁਹਾਡੇ ਕੋਲੋਂ ਜੋ ਜੋ ਵੀ ਖੋਹੇਗਾ
ਤੁਸੀਂ ਇੱਕ ਦਿਨ ਉਸ ਸਭ ਤੋਂ ਬੇਹਤਰ ਚੀਜ਼ਾਂ ਪ੍ਰਾਪਤ ਕਰ ਲਵੋਗੇ।

-----------ਮੈਂ ਜਦੋਂ ਇਹ ਕੁਝ ਪੜ੍ਹ ਰਿਹਾ ਹਾਂ ਤਾਂ ਇੱਕ ਮਸਤੀ ਜਿਹੀ ਤਾਂ ਆ ਰਹੀ ਹੈ ਪਰ ਨਾਲ ਹੀ ਮਲਾਰ ਰਾਗ ਵਿੱਚ ਰਚਿਆ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਵੀ ਯਾਦ ਆ ਰਿਹਾ ਹੈ। ਆਪ ਜੀ ਵੀ ਪੜ੍ਹੋ। ਇਸ ਬਾਰੇ ਹੋਰ ਕੋਈ ਟਿੱਪਣੀ ਮੇਰੀ ਸਮਝ ਵਿੱਚ ਨਹੀਂ ਆ ਰਹੀ--

ਮਲਾਰ ਮਹਲਾ ਪਹਿਲਾ
ਦੁਖੁ ਵੇਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥
ਵੈਦ ਨ ਭੋਲੇ ਦਾਰੂ ਲਾਇ॥
ਦਰਦੁ ਹੋਵੈ ਦੁਖੁ ਰਹੈ ਸਰੀਰ॥ ਐਸਾ ਦਾਰੂ ਲਗੈ ਨ ਬੀਰ॥ ਰਹਾਉ॥
ਖਸਮ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥
ਚੰਦਨ ਕਾ ਫਲ ਚੰਦਨ ਵਾਸ॥ ਮਾਣਸੁ ਕਾ ਫਲੁ ਘਟ ਮਹਿ ਸਾਸੁ॥
ਸਾਸਿ ਗਇਐ ਕਾਇਆ ਢਲਿ ਪਾਇ॥ ਤਾ ਕੈ ਪਾਛੈ ਕੋਇ ਨ ਖਾਇ॥
ਕੰਚਨ ਕਾਇਆ ਨਿਰਮਲ ਹੰਸੁ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ॥
ਦੂਖ ਰੋਗ ਸਭਿ ਗਇਆ ਗਵਾਇ॥ ਨਾਨਕ ਛੂਟਸਿ ਸਾਚੈ ਨਾਇ॥

**ਭੁੱਲ ਚੁੱਕ ਖਿਮਾ**



# ਆਜ਼ਾਦੀ

**ਪ੍ਰੋ. ਨਵ ਸੰਗੀਤ ਸਿੰਘ**

ਜ਼ਾਲਮ ਖੜ੍ਹਾ ਹਵਾ ਖੁੱਲ੍ਹੀ ਵਿੱਚ, ਆਖੇ: "ਪਿੰਜਰਾ ਸੁਹਣਾ"।
ਵਿੱਚ ਆ ਜਾਵੇ ਫਿਰ ਮੈਂ ਪੁੱਛਾਂ: ਕਿੰਨਾ ਹੈ ਮਨਮੁਹਣਾ?
ਪਰ ਤੋਂ ਹੀਨ ਧਰਾ ਦੇ ਕੈਦੀ, ਓ ਮੂਰਖ! ਦਿਲ ਕਰੜੇ
ਉੱਡਣ ਹਾਰੇ ਪੰਛੀ ਨੂੰ ਇਹ, ਸੁਹਣਾ ਹੈ ਜਿੰਦ ਕੁਹਣਾ।

ਸੰਤ-ਕਵੀ ਭਾਈ ਵੀਰ ਸਿੰਘ (1872-1957) ਦੀਆਂ ਉਪਰਕੋਤ ਕਾਵਿ-ਸਤਰਾਂ ਆਜ਼ਾਦੀ ਦੇ ਸੰਕਲਪ ਨੂੰ ਬਿਆਨ ਕਰਦੀਆਂ ਹਨ। ਆਜ਼ਾਦੀ ਜਾਂ ਸੁਤੰਤਰਤਾ ਅੰਗਰੇਜ਼ੀ ਦੇ ਸ਼ਬਦ 'ਲਿਬਰਟੀ ਜਾਂ 'ਇੰਡੀਪੈਂਡੈਂਸ ਦਾ ਪਰਿਆਇ ਹੈ। ਆਜ਼ਾਦੀ ਦਾ ਅਰਥ ਹੈ -ਕਿਸੇ ਪ੍ਰਕਾਰ ਦੇ ਬੰਧਨ ਤੋਂ ਮੁਕਤੀ ਜਾਂ ਕਿਸੇ ਦੀ ਅਧੀਨਗੀ-ਗ਼ੁਲਾਮੀ ਤੋਂ ਛੁਟਕਾਰਾ। ਇਸੇ ਸੰਦਰਭ ਵਿੱਚ ਚਰਚਿਤ ਰਾਜਨੀਤਕ ਵਿਚਾਰਵਾਨ ਜੀਨ-ਜੈਕ ਰੂਸੋ (Jean-Jacques Rousseau) ਦੀ ਇਹ ਪੰਕਤੀ ਵੀ ਧਿਆਨਯੋਗ ਹੈ : "ਆਦਮੀ ਪੈਦਾ ਤਾਂ ਸੁਤੰਤਰ ਹੋਇਆ ਹੈ, ਪਰ ਹਰ ਥਾਂ ਉਹ ਬੰਧਨਾਂ ਵਿਚ ਜਕੜਿਆ ਹੋਇਆ ਹੈ"।

ਭਾਰਤੀਆਂ ਨੂੰ 15 ਅਗਸਤ 1947 ਦੇ ਦਿਨ ਅੰਗਰੇਜ਼ਾਂ ਦੀ ਕਰੀਬ ਦੋ ਸੌ ਸਾਲ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ। ਆਜ਼ਾਦੀ ਦੇ ਇਸ ਸੰਘਰਸ਼ ਵਿੱਚ ਜਿੱਥੇ ਹੋਰਨਾਂ ਲੋਕਾਂ ਨੇ ਯੋਗਦਾਨ ਪਾਇਆ, ਉੱਥੇ ਸਿੱਖਾਂ ਨੇ ਘੱਟ ਗਿਣਤੀ ਹੋਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਅਤੇ ਮਹੱਤਵਪੂਰਨ ਹਿੱਸਾ ਪਾਇਆ। ਭਾਰਤ ਦੀ ਆਜ਼ਾਦੀ ਸਮੇਂ ਹੋਰ ਕੌਮਾਂ ਦੇ ਮੁਕਾਬਲੇ ਸਿੱਖਾਂ ਦੀ ਆਬਾਦੀ 2%ਸੀ, ਪਰ ਕੁਰਬਾਨੀਆਂ 87% ਸਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ : ਫਾਂਸੀ ਚੜ੍ਹੇ, ਕੁੱਲ 121, ਇਨ੍ਹਾਂ ਵਿੱਚੋਂ 93 ਸਿੱਖ ਸਨ ਅਤੇ 28 ਹੋਰ; ਉਮਰ ਕੈਦ ਹੋਏ -2646, ਇਨ੍ਹਾਂ ਚੋਂ 2147 ਸਿੱਖ ਅਤੇ 499 ਹੋਰ; ਜੱਲ੍ਹਿਆਂਵਾਲਾ ਬਾਗ਼ ਦੇ ਸ਼ਹੀਦੀ ਸਾਕੇ (1919) ਵਿੱਚ 1326 ਸ਼ਹੀਦ ਹੋਏ, ਜਿਨ੍ਹਾਂ ਚੋਂ 793 ਸਿੱਖ ਅਤੇ 533 ਹੋਰ; ਬਜਬਜ ਘਾਟ ਦੇ 113 ਸ਼ਹੀਦ, ਇਨ੍ਹਾਂ ਚੋਂ 67 ਸਿੱਖ ਅਤੇ 46 ਹੋਰ; ਕੂਕਾ ਲਹਿਰ ਵਿੱਚ 91 ਸ਼ਹੀਦ ਅਤੇ ਸਾਰੇ ਹੀ ਸਿੱਖ; ਇਸੇ ਤਰ੍ਹਾਂ ਅਕਾਲੀ ਲਹਿਰ ਵਿੱਚ ਸ਼ਹੀਦ ਹੋਏ 500 ਵਿਅਕਤੀ ਸਾਰੇ ਹੀ ਸਿੱਖ ਸਨ।

ਆਜ਼ਾਦੀ ਤੋਂ ਭਾਵ ਕਿਸੇ ਗੈਰ ਦੀ ਅਧੀਨਗੀ ਤੋਂ ਸਰੀਰਕ ਮੁਕਤੀ ਹੀ ਨਹੀਂ ਹੈ। ਇਸ ਵਿੱਚ ਆਰਥਿਕ, ਸਭਿਆਚਾਰਕ, ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਸੁਤੰਤਰਤਾ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਨਾਟਕ ਵਿੱਚ ਆਰਥਿਕ ਆਜ਼ਾਦੀ ਨੂੰ ਰੇਖਾਂਕਿਤ ਕਰਦਿਆਂ ਕਿਹਾ ਹੈ : "ਆਰਥਿਕ ਸੁਤੰਤਰਤਾ ਤੋਂ ਬਗੈਰ ਔਰਤ ਦੀ ਆਜ਼ਾਦੀ ਦਾ ਕੋਈ ਅਰਥ ਨਹੀਂ ਹੈ।" ਵਿਅਕਤੀ ਸਵੈਮਾਣ, ਸਵੈ-ਵਿਸ਼ਵਾਸ,ਸਵੈ- ਇੱਛਾ ਨਾਲ ਜੀਅ ਸਕੇ, ਆਪਣੇ ਵਿਚਾਰ ਪ੍ਰਗਟ ਕਰ ਸਕੇ, ਸਮਾਜ ਵਿੱਚ ਵਿਚਰ ਸਕੇ -ਇਹ ਵੀ ਆਜ਼ਾਦੀ ਨਾਲ ਜੁੜੇ ਕੁਝ ਹੋਰ ਪ੍ਰਮੁੱਖ ਸੂਤਰ ਹਨ।

ਸਿੱਖ ਗੁਰੂਆਂ ਅਤੇ ਭਗਤਾਂ ਨੇ ਵਿਅਕਤੀ ਨੂੰ ਸਵੈਮਾਣ, ਸਨਮਾਨ ਅਤੇ ਸੁਤੰਤਰਤਾ ਨਾਲ ਜਿਉਣ ਦੀ ਜਾਚ ਦੱਸੀ। ਸਿੱਖ ਧਰਮ ਦੇ ਆਦਿ-ਗੁਰੂ, ਬਾਬਾ ਨਾਨਕ (1469-1539 ਈ।) ਨੇ ਆਪਣੀ ਇੱਜ਼ਤ ਨੂੰ ਛਿੱਕੇ ਟੰਗ ਕੇ ਜਿਉਣ, ਭਾਵ ਪਰਤੰਤਰ ਹੋ ਕੇ ਰਹਿਣ ਨੂੰ ਹਰਾਮ ਖਾਣ ਦੇ ਤੁੱਲ ਦੱਸਿਆ ਹੈ। ਆਪਣੀ ਬਾਣੀ ਵਿੱਚ ਉਨ੍ਹਾਂ ਨੇ ਥਾਂ-ਪੁਰ-ਥਾਂ ਇਸ ਬਾਰੇ ਉਲੇਖ ਕੀਤਾ ਹੈ :

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)

ਗੁਰੂ ਤੇਗ ਬਹਾਦਰ ਜੀ ਵੀ ਇਸੇ ਪ੍ਰਕਾਰ ਦੀ ਆਦਰਸ਼ਕ ਜੀਵਨ-ਜਾਚ ਸਿਖਾਉਂਦੇ ਹੋਏ ਵਿਅਕਤੀ ਨੂੰ ਨਾ ਕਿਸੇ ਨੂੰ ਡਰਾਉਣ ਤੇ ਨਾ ਕਿਸੇ ਤੋਂ ਡਰਨ ਦੀ ਗੱਲ ਕਰਦੇ ਹਨ, ਜਿਸ ਦਾ ਭਾਵ-ਅਰਥ ਵੀ ਕਿਸੇ ਨਾ ਕਿਸੇ ਤਰ੍ਹਾਂ ਆਜ਼ਾਦੀ ਹੀ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ (ਪੰਨਾ 1427)

ਗੁਰਬਾਣੀ ਵਿੱਚ ਵਿਅਕਤੀ ਨੂੰ ਸਿਰਫ ਪਰਮਾਤਮਾ ਦੀ ਅਧੀਨਗੀ ਵਿੱਚ ਆਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਦੀ ਅਧੀਨਗੀ ਵਿੱਚ। ਇੱਥੋਂ ਤੱਕ ਕਿ ਭਗਤ ਕਬੀਰ (1398-1518) ਜੀ ਨੇ ਰਾਜਿਆਂ-ਮਹਾਰਾਜਿਆਂ ਨੂੰ ਵੀ ਦੋ-ਚਾਰ ਦਿਨਾਂ ਦੇ ਪ੍ਰਾਹੁਣੇ

ਕਹਿ ਕੇ ਉਨ੍ਹਾਂ ਦੀ ਛਿਣ-ਭੰਗਰਤਾ ਜਾਂ ਥੁੜ-ਚਿਰੀ ਹਕੂਮਤ ਦਾ ਬੋਧ ਕਰਵਾਇਆ ਹੈ :

ਕੋਊ ਹਰਿ ਸਮਾਨਿ ਨਹੀ ਰਾਜਾ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ (ਪੰਨਾ 856)

ਗੁਰੂ-ਕਾਲ ਤੋਂ ਪਹਿਲਾਂ ਔਰਤ ਨੂੰ ਮਰਦ ਦੀ ਗ਼ੁਲਾਮ, ਪਿਛਾਂਹਖਿੱਚੂ ਅਤੇ ਅਬਲਾ ਆਦਿ ਨਾਂਵਾਂ ਨਾਲ ਸੰਬੋਧਿਤ ਕੀਤਾ ਜਾਂਦਾ

ਸੀ, ਜਦ ਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਅ ਰਤ ਦੇ ਹੱਕ ਵਿੱਚ, ਉਸ ਦੀ ਆਜ਼ਾਦੀ ਸਬੰਧੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ (ਪੰਨਾ 473)

ਬਾਣੀਕਾਰਾਂ ਨੇ ਕਿਸੇ ਵਿਅਕਤੀ ਦੀ ਅਧੀਨਗੀ ਸਵੀਕਾਰ ਕਰਨ ਨਾਲ ਮੌਤ ਨੂੰ ਤਰਜੀਹ ਦਿੱਤੀ। ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' (1621–1675 ਈ।) ਨੇ ਹਿੰਦੂ ਧਰਮ ਦੀ ਆਨ, ਬਾਨ ਤੇ ਸ਼ਾਨ ਨੂੰ ਬਚਾਉਣ ਲਈ, ਉਨ੍ਹਾਂ ਦੇ ਤਿਲਕ ਤੇ ਜੰਞੂ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਧਾਰਮਿਕ ਆਜ਼ਾਦੀ ਲਈ ਦਿੱਤਾ ਗਿਆ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਕਲਯੁਗ ਅੰਦਰ ਇੱਕ ਮਹਾਨ ਸਾਕਾ ਸੀ। ਦੁਨੀਆਂ ਦੇ ਇਤਿਹਾਸ ਵਿੱਚ ਅਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਆਜ਼ਾਦੀ ਦਾ ਜੋ ਪਰਚਮ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਲਹਿਰਾਇਆ, ਗੁਰੂ ਗੋਬਿੰਦ ਸਿੰਘ ਜੀ (1666–1708 ਈ।) ਨੇ ਆਪਣਾ ਸਰਬੰਸ ਵਾਰ ਕੇ ਇਸ ਨੂੰ ਹੋਰ ਗੂੜ੍ਹੀ ਇਬਾਰਤ ਵਿੱਚ ਲਿਖ ਕੇ ਪ੍ਰਸਾਰਿਆ। ਗੁਰੂਕਾਲ ਵਿਚ ਅਤੇ ਉਨ੍ਹਾਂ ਤੋਂ ਮਗਰੋਂ ਸਿੱਖ ਸ਼ਹੀਦੀਆਂ (ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਆਦਿ ਦੇ ਰੂਪ ਵਿੱਚ) ਦਾ ਜੋ ਲੰਮਾ ਸਿਲਸਿਲਾ ਚਲਦਾ ਰਿਹਾ, ਉਸਦਾ ਮੂਲ ਆਜ਼ਾਦੀ ਦਾ ਸੂਤਰ ਹੀ ਸੀ।

ਸਾਂਝਾਪਣ, ਏਕਤਾ, ਸਮਾਨਤਾ, ਬਰਾਬਰਤਾ, ਸਾਂਝੀਵਾਲਤਾ ਆਦਿ ਦਾ ਸੰਬੰਧ ਵੀ ਕਿਤੇ ਨਾ ਕਿਤੇ ਆਜ਼ਾਦੀ ਨਾਲ ਹੀ ਹੈ। ਇਨ੍ਹਾਂ ਸਦਗੁਣਾਂ ਦਾ ਸੰਚਾਰ ਤਾਂ ਹੀ ਹੋ ਸਕੇਗਾ, ਜੇ ਅਸੀਂ ਦੂਜਿਆਂ ਨੂੰ ਆਜ਼ਾਦ ਸੋਚ, ਆਜ਼ਾਦ ਖ਼ਿਆਲ ਅਤੇ ਆਜ਼ਾਦ ਰਹਿਣੀ ਬਹਿਣੀ ਪ੍ਰਦਾਨ ਕਰਾਂਗੇ।

ਪਿੰਜਰੇ ਵਿੱਚ ਬੰਦ ਪੰਛੀਆਂ ਨੂੰ ਨੀਲ–ਗਗਨ ਵਿੱਚ ਉੱਚੀਆਂ ਉਡਾਰੀਆਂ ਲਾਉਣ ਦਿਓ, ਐਕੁਏਰੀਅਮ ਵਿੱਚ ਰੱਖੀਆਂ ਮੱਛੀਆਂ ਨੂੰ ਸਮੁੰਦਰਾਂ/ਸਰੋਵਰਾਂ ਦੀ ਡੂੰਘਾਈ ਨਾਪਣ ਦਿਓ, ਪ੍ਰਯੋਗਸ਼ਾਲਾਵਾਂ ਵਿੱਚ ਕੈਦ ਤਿਤਲੀਆਂ ਨੂੰ ਫੁੱਲਾਂ ਉੱਤੇ ਮੰਡਰਾਉਣ ਦਿਓ, ਸਰਕਸਾਂ ਵਿੱਚ ਤਾੜੇ ਜਾਨਵਰਾਂ ਨੂੰ ਜੰਗਲਾਂ–ਬੇਲਿਆਂ ਵਿੱਚ ਦੁੜੰਗੇ ਲਾਉਣ ਦਿਓ – ਫਿਰ ਵੇਖੋ, ਇਹ ਜੀਵ–ਜੰਤੂ ਆਜ਼ਾਦੀ ਦਾ ਕਿੰਨਾ ਨਿੱਘੇ ਆਨੰਦ ਮਾਣਦੇ ਨੇ।

ਆਜ਼ਾਦੀ ਦਾ ਸੁਨੇਹਾ ਦਿੰਦਾ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ (1905–1978 ਈ।) ਆਪਣੀ ਇੱਕ ਲੰਮੀ ਕਵਿਤਾ 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਵਿੱਚ ਲਿਖਦਾ ਹੈ :

ਲੈ ਲੈ ਆਪਣੀ ਲੜੀ ਨਵਾਬੀ ਦੇਹ ਮੈਨੂੰ ਮੇਰੀ ਆਜ਼ਾਦੀ। ਜਿੱਥੇ ਵੀਰ ਵੀਰਾਂ ਨੂੰ ਖਾਂਦੇ ਸਿਰੋਂ ਮਾਰ ਧੁੱਪੇ ਸੁੱਟ ਜਾਂਦੇ।
ਜਿੱਥੇ ਲੱਖ ਮਣਾਂ ਦਾ ਲੋਹਿਆ ਜੰਜ਼ੀਰਾਂ ਹੱਥਕੜੀਆਂ ਹੋਇਆ। ਜਿੱਥੇ ਸ਼ਾਇਰ ਬੋਲ ਨਾ ਸੱਕਣ ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ।
ਮੈਂ ਨਹੀਂ ਰਹਿਣਾ ਐਸੀ ਥਾਂ ।ਮੈਂ ਨਹੀਂ ਰਹਿਣਾ ਤੇਰੇ ਗਿਰਾਂ।

ਅੱਜ ਅਸੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਸਰੀਰਕ ਆਜ਼ਾਦੀ ਤੇ ਅੰਕੁਸ਼ ਲਾ ਬੈਠੇ ਹਾਂ, ਦਾਜ ਦੇ ਲੋਭੀ ਬਣ ਕੇ ਵਿਆਹੁਤਾ ਜ਼ਿੰਦਗੀਆਂ ਨੂੰ ਆਤਮ–ਹੱਤਿਆਵਾਂ ਲਈ ਮਜਬੂਰ ਕਰ ਰਹੇ ਹਾਂ, ਪੈਸੇ ਦੇ ਗੁਲਾਮ ਹੋ ਕੇ ਸਕੇ–ਸੰਬੰਧੀਆਂ ਨਾਲੋਂ ਨਾਤੇ ਤੋੜ ਰਹੇ ਹਾਂ, ਭਰੂਣ ਹੱਤਿਆਵਾਂ ਦੇ ਰੂਪ ਵਿੱਚ ਨੰਨ੍ਹੀਆਂ ਕੰਜਕਾਂ ਤੋਂ ਸਾਹ ਲੈਣ ਦਾ ਹੱਕ ਖੋਹ ਰਹੇ ਹਾਂ, ਰੁੱਖਾਂ ਤੇ ਕੁਹਾੜੇ ਚਲਾ ਕੇ ਖੁਦ ਨੂੰ ਪ੍ਰਦੂਸ਼ਣ ਵਿੱਚ ਧੱਕ ਰਹੇ ਹਾਂ, ਸਕਰੀਨੇਇੰਟਰਨੈੱਟ ਦੇ ਜਾਲ ਵਿੱਚ ਫਸ ਕੇ ਆਪਣਿਆ ਨਾਲੋਂ ਨਾਤੇ ਤੋੜ ਰਹੇ ਹਾਂ, ਪ੍ਰਤੀਯੋਗਤਾਵਾਂ ਦੇ ਦ ਰ ਵਿੱਚ ਪਿੱਛੇ ਰਹਿਣ ਕਰਕੇ ਖੁਦਕੁਸ਼ੀਆਂ ਨੂੰ ਹੀ ਸਹੀ ਮੰਨ ਬੈਠੇ ਹਾਂ। ਇਹ ਕੇਹੀ ਆਜ਼ਾਦੀ ਹੈ। ਪੁਸਤਕਾਂ ਨਾਲ, ਜ਼ਿੰਦਗੀ ਨਾਲ, ਕੁਦਰਤ ਨਾਲ, ਸੱਭਿਆਚਾਰ ਨਾਲ ਸਾਂਝ ਪਾਈਏ! ਸਭ ਨੂੰ ਆਜ਼ਾਦੀ ਦਾ ਹੱਕ ਦੇਈਏ! 'ਜੀਓ ਤੇ ਜੀਣ ਦਿਓ' ਦਾ ਨਾਅਰਾ ਬੁਲੰਦ ਕਰੀਏ!! ਭਾਈ ਵੀਰ ਸਿੰਘ ਦੀਆਂ ਇਨ੍ਹਾਂ ਕਾਵਿ–ਪੰਕਤੀਆਂ ਨੂੰ ਸਦਾ ਚੇਤੇ ਰੱਖੀਏ :

ਸਾਨੂੰ ਰੱਖ ਸੁਤੰਤਰ ਦਾਤੇ ਬੰਦੀ ਸਾਥੋਂ ਦੂਰ ਰਹੇ।
ਪਰਤੰਤਰ ਨਾ ਕਦੇ ਕਰਾਵੀਂ ਖੁੱਲ੍ਹ ਦਾ ਸਦਾ ਸ਼ਊਰ ਰਹੇ।
ਜੰਗਲ ਵਾਸਾ ਬੇਸ਼ੱਕ ਦੇਵੀਂ ਮਾੜੀ ਮਹਲ ਨਾ ਸ਼ਹਿਰ ਦਈਂ।
ਤਨ ਨੂੰ ਕੱਜਣ ਖੁਸ਼ੀ ਮਿਲੇ ਪਰ ਖੁੱਲ੍ਹ ਕਦੇ ਨਾ ਖੱਸ ਲਈਂ।

**

**ਅਕਾਲ ਯੂਨੀਵਰਸਿਟੀ**
**ਤਲਵੰਡੀ ਸਾਬੋ–151302 (ਬਠਿੰਡਾ) 9417692015**



# ਅਜ਼ੀਮ ਸੰਗੀਤਕ ਸ਼ਖ਼ਸੀਅਤ : ਡਾ. ਨਿਵੇਦਿਤਾ ਸਿੰਘ



**ਜਸਪ੍ਰੀਤ ਕੌਰ**

ਮਨੁੱਖੀ ਸਮਾਜ ਕਲਾਵਾਂ ਦੇ ਕਲਾਵੇ ਆ ਕੇ ਨਿਖਰਿਆ ਅਤੇ ਸਕੂਨਮਈ ਬਣਿਆ ਹੈ। ਇਹਨਾਂ ਕਲਾਵਾਂ ਨੇ ਹੀ ਮਨੁੱਖੀ ਮਨ ਅੰਦਰ ਜ਼ਿੰਦਾਦਿਲੀ ਅਤੇ ਸਹਿਜ ਭਾਵ ਨਾਲ ਜਿਊਣ ਦੇ ਮਾਅਨੇ ਭਰੇ ਹਨ। ਇਲਾਕਾਈ ਵਖਰੇਵੇਂ ਨੇ ਅਨੇਕ ਸਭਿਆਚਾਰਾਂ ਨੂੰ ਜਨਮ ਦਿੱਤਾ ਹੈ। ਪੰਜਾਬੀ ਸਭਿਆਚਾਰ ਨੇ ਆਪਣੀਆਂ ਕਲਾਵਾਂ ਦੇ ਸਿਰ 'ਤੇ ਵਿਸ਼ਵ ਵਿਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ। ਪੰਜਾਬੀ ਸੰਗੀਤ ਅਤੇ ਨ੍ਰਿਤ ਕਲਾ ਨੇ ਜਿੱਥੇ ਖੇਤਰੀ ਸਭਿਆਚਾਰਕ ਮੁਹਾਂਦਰੇ ਨੂੰ ਵਿਸ਼ਵ ਪੱਧਰ ਉਪਰ ਲਿਆ ਖੜ੍ਹਾ ਕੀਤਾ ਹੈ ਉੱਥੇ ਹੀ ਗੁਰੂ ਸ਼ਿਸ਼ ਪਰੰਪਰਾ ਅਤੇ ਅਕਾਦਮਿਕ ਸਿਖਿਆ ਪ੍ਰਣਾਲੀ ਨੇ ਇਹਨਾਂ ਨੂੰ ਹੋਰ ਮਜ਼ਬੂਤੀ ਦਿੱਤੀ ਹੈ। ਪੰਜਾਬ ਦੇ ਸੰਗੀਤ ਦੇ ਖੇਤਰ ਦਾ ਇਕ ਵਿਸ਼ੇਸ਼ ਨਾਮ ਪ੍ਰੋ. (ਡਾ.) ਨਿਵੇਦਿਤਾ ਸਿੰਘ ਦਾ ਹੈ ਜਿਹਨਾਂ ਨੇ ਗੁਰੂ ਸ਼ਿਸ਼ ਪਰੰਪਰਾ ਅਤੇ ਅਕਾਦਮਿਕ ਸਿੱਖਿਆ ਰਾਹੀਂ ਆਪਣੀ ਕਲਾ ਦਾ ਲੋਹਾ ਮਨਵਾਇਆ ਹੈ। ਡਾ. ਨਿਵੇਦਿਤਾ ਸਿੰਘ ਦਾ ਜਨਮ 12 ਫਰਵਰੀ, 1969 ਨੂੰ ਪਿਤਾ ਦਲੀਪ ਸਿੰਘ ਉੱਪਲ ਅਤੇ ਮਾਤਾ ਡਾ. ਕਮਲੇਸ਼ ਉੱਪਲ ਦੇ ਘਰ ਪਟਿਆਲਾ ਵਿਖੇ ਹੋਇਆ। ਘਰ ਵਿੱਚ ਲਿਖਣ-ਪੜ੍ਹਨ ਵਾਲਾ ਮਾਹੌਲ ਆਪ ਨੂੰ ਵਿਰਸੇ ਵਿੱਚ ਮਿਲਿਆ ਅਤੇ ਮਾਤਾ ਪਿਤਾ ਨੇ ਨਿੱਕੀ ਉਮਰ ਤੋਂ ਹੀ ਆਪ ਦਾ ਨਾਤਾ ਕਲਾ ਅਤੇ ਸਾਹਿਤ ਨਾਲ ਜੋੜਿਆ। ਘਰ ਵਿੱਚ ਪੁਸਤਕਾਂ ਤੇ ਸਾਜ਼ ਪਹਿਲਾਂ ਤੋਂ ਹੋ ਮੌਜੂਦ ਸੀ, ਜਿਸ ਕਾਰਨ ਲਿਖਣ, ਪੜ੍ਹਨ ਤੇ ਗਾਉਣ ਦੀ ਚੇਟਕ ਬਚਪਨ ਤੋਂ ਹੀ ਲੱਗੀ। ਆਪ ਦੇ ਮਾਤਾ ਜੀ ਸੰਗੀਤ ਸਿੱਖਦੇ ਸਨ ਤੇ ਉਹਨਾਂ ਨੂੰ ਬਚਪਨ ਤੋਂ ਗਾਉਂਦਿਆਂ ਦੇਖਿਆ ਤੇ ਸੁਣਿਆ। ਮਾਤਾ-ਪਿਤਾ ਨੇ ਹੀ ਸੰਗੀਤ 'ਚ ਅੱਗੇ ਵੱਧਣ ਲਈ ਹੱਲਾਸ਼ੇਰੀ ਦਿੱਤੀ, ਏਥੋਂ ਤੱਕ ਕੇ ਉਹ ਨਾਲ ਨਾਲ ਸਾਜ਼ ਚੁੱਕ ਕੇ ਵੀ ਘੁੰਮਦੇ ਰਹੇ। ਨਾਲ ਹੀ ਸੰਗੀਤ 'ਚ ਚਿੰਤਨ ਕਰਨ ਲਈ ਪ੍ਰੇਰਿਆ। ਵਿਆਹ ਤੋਂ ਬਾਅਦ ਜੀਵਨਸਾਥੀ ਡਾ. ਭੀਮਇੰਦਰ ਸਿੰਘ ਨੇ ਵੀ ਇਸ ਖੇਤਰ 'ਚ ਅੱਗੇ ਵੱਧਣ ਲਈ ਹਮੇਸ਼ਾ ਹੌਂਸਲਾ ਵਧਾਇਆ।

ਆਪ ਨੇ ਸੰਗੀਤਕ ਤਾਲੀਮ ਮਹਿਜ਼ ਗਿਆਰਾਂ ਕੁ ਵਰ੍ਹੇ ਦੀ ਉਮਰ ਤੋਂ ਗੁਰਮਤਿ ਸੰਗੀਤਾਚਾਰੀਆ ਸਵ: ਪ੍ਰੋਫੈਸਰ ਤਾਰਾ ਸਿੰਘ ਜੀ ਤੋਂ ਸ਼ੁਰੂ ਕੀਤੀ ਜਿਸ ਵਿੱਚ ਸ਼ਾਸ਼ਤਰੀ ਗਾਇਨ ਅਤੇ ਗੁਰਬਾਣੀ ਗਾਇਨ ਸ਼ਾਮਿਲ ਹੈ। ਇਹ ਸਿਲਸਿਲਾ ਲਗਾਤਾਰ ਗਿਆਰਾਂ ਵਰ੍ਹੇ ਚਲਦਾ ਰਿਹਾ। ਉਪਰੰਤ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਅਜੀਤ ਸਿੰਘ ਪੈਂਤਲ ਤੋਂ ਸੰਗੀਤ ਸਿੱਖਿਆ ਜਾਰੀ ਰੱਖੀ ਅਤੇ ਇਸੇ ਹੀ ਯੂਨੀਵਰਸਿਟੀ ਤੋਂ ਆਪ ਨੇ ਐਮ. ਫ਼ਿਲ. ਅਤੇ ਪੀਐਚ. ਡੀ. ਦੀ ਡਿਗਰੀ ਵੀ ਪ੍ਰਾਪਤ ਕੀਤੀ। ਉਪਰੰਤ ਆਪ ਨੇ ਰਾਮਪੁਰ ਸਹਿਸਵਾਨ ਘਰਾਣੇ ਦੇ ਵਿਖਿਆਤ ਸੰਗੀਤ ਗੁਰੂ ਤੇ ਵਿਦਵਾਨ ਪੰਡਤ ਗਨੇਸ਼ ਪ੍ਰਸਾਦ ਸ਼ਰਮਾ ਤੋਂ ਲਗਭਗ ਪੱਚੀ ਸਾਲ ਤੱਕ ਤਾਲੀਮ ਪ੍ਰਾਪਤ ਕੀਤੀ ਜੋ ਇਲਾਹਾਬਾਦ ਤੋਂ ਅੰਬਾਲਾ ਕੈਂਟ ਆ ਕੇ ਵੱਸ ਗਏ ਸਨ। ਪੰਡਿਤ ਜੀ ਨੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਇਸ ਖਿੱਤੇ ਵਿੱਚ ਅਣਥੱਕ ਕਾਰਜ ਕੀਤਾ ਅਤੇ ਅਨੇਕ ਸ਼ਿਸ਼ ਤਿਆਰ ਕੀਤੇ। ਵਰਣਨਯੋਗ ਹੈ ਕਿ ਬਚਪਨ ਵਿੱਚ ਆਪ ਨੇ ਕਈ ਸਾਲ ਕੱਥਕ ਨ੍ਰਿਤ ਦੀ ਤਾਲੀਮ ਬਨਾਰਸ ਘਰਾਣੇ ਦੇ ਗੁਰੂ ਮਦਨ ਲਾਲ ਤੋਂ ਪ੍ਰਾਪਤ ਕੀਤੀ।

ਡਾ. ਨਿਵੇਦਿਤਾ ਸਿੰਘ ਇਕ ਪ੍ਰਸਿੱਧ ਕਲਾਸੀਕਲ ਗਾਇਕਾ ਅਤੇ ਗੁਰਬਾਣੀ ਕੀਰਤਨਕਾਰ ਹਨ। ਆਜ਼ਾਦੀ ਤੋਂ ਬਾਅਦ ਆਕਾਸ਼ਵਾਣੀ ਤੋਂ ਮਾਨਤਾ ਪ੍ਰਾਪਤ ਭਾਰਤੀ ਪੰਜਾਬ ਦੀ ਪਹਿਲੀ ਮਹਿਲਾ ਸ਼ਾਸਤਰੀ ਗਾਇਕਾ ਹੋਣ ਦਾ ਮਾਣ ਪ੍ਰਾਪਤ ਹੈ। ਆਪ ਪਿਛਲੇ ਲਗਭਗ ਚਾਲੀ ਸਾਲਾਂ ਤੋਂ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੋਂ ਸ਼ਾਸਤਰੀ ਗਾਇਨ ਅਤੇ ਗੁਰਬਾਣੀ ਕੀਰਤਨ ਦਾ ਨਿਯਮਿਤ ਪ੍ਰਸਾਰਣ ਕਰਦੇ ਆ ਰਹੇ ਹਨ। ਪੰਜਾਬ, ਚੰਡੀਗੜ੍ਹ, ਭਾਰਤ ਦੇ ਹੋਰ ਰਾਜਾਂ ਅਤੇ ਵਿਦੇਸ਼ਾਂ ਦੀਆਂ ਨਾਮਵਰ ਸੰਸਥਾਵਾਂ ਦੀ ਸਰਪ੍ਰਸਤੀ ਹੇਠ ਸ਼ਾਸਤਰੀ ਗਾਇਨ, ਅਤੇ ਗੁਰਬਾਣੀ ਕੀਰਤਨ ਦਾ ਪ੍ਰਦਰਸ਼ਨ ਨਿਰੰਤਰ ਕਰਦੇ ਆ ਰਹੇ ਹਨ। ਆਪ ਦੀ ਗੁਰਬਾਣੀ ਸੰਗੀਤ ਦੀ ਪਹਿਲੀ ਕੈਸਟ 'ਰਾਮ ਸਿਮਰ' ਸੁਰ ਸੰਗਮ ਵੱਲੋਂ ਜਾਰੀ ਕੀਤੀ ਗਈ ਸੀ। ਇਸ ਕੈਸਟ ਦੀ ਸੀ.ਡੀ. ਜੋ ਕੈਨੇਡਾ ਵਿੱਚ ਰਿਲੀਜ਼ ਕੀਤੀ ਗਈ ਸੀ, ਨੂੰ ਵਿਦੇਸ਼ਾਂ 'ਚ ਕਾਫੀ ਭਰਵਾ ਹੁੰਗਾਰਾ ਮਿਲਿਆ। 'ਰਾਮ ਸਿਮਰ' ਐਲਬਮ ਤੋਂ ਸ਼ੁਰੂ ਹੋਇਆ ਸੰਗੀਤਕ ਸਫ਼ਰ ਅੱਜ ਵੀ ਬਾ-ਦਸਤੂਰ ਜਾਰੀ ਹੈ। ਆਪ ਦੀ ਗਾਇਨ ਕਲਾ ਯੂਟਿਊਬ, ਸੀਡੀ ਅਤੇ ਕੈਸੇਟਾਂ ਦੇ ਰੂਪ ਵਿੱਚ ਵੱਡੀ ਗਿਣਤੀ ਵਿੱਚ ਉਪਲਬਧ ਹੈ।

ਡਾ. ਨਿਵੇਦਿਤਾ ਨੇ ਕਈ ਨਾਮਵਰ ਤੇ ਵੱਡੇ ਸੰਮੇਲਨਾਂ ਵਿਚ ਸ਼ਮੂਲੀਅਤ ਕੀਤੀ ਹੈ। ਆਪ ਨੂੰ ਪੰਜਾਬ ਸਰਕਾਰ ਦੁਆਰਾ ਆਯੋਜਿਤ ਰਾਜ ਪੱਧਰੀ ਸਮਾਗਮਾਂ ਵਿੱਚ ਗੁਰਬਾਣੀ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੋਇਆ। 2016-17 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੀਂ ਜਨਮ ਸ਼ਤਾਬਦੀ ਦੇ ਸਮਾਗਮਾਂ ਦੇ ਮੌਕੇ, 2019-20 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ

ਜਨਮ ਸ਼ਤਾਬਦੀ ਸਮਾਗਮ ਮੌਕੇ ਅਤੇ 2021-22 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 400ਵੀਂ ਜਨਮ ਸ਼ਤਾਬਦੀ ਸਮਾਗਮ ਮੌਕੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਹਰਿਵੱਲਭ ਸੰਗੀਤ ਸਮੇਲੰਨ ਵਿਖੇ ਦਸੰਬਰ 2022 ਅਤੇ ਪਟਿਆਲਾ ਹੈਰੀਟੇਜ ਫੈਸਟੀਵਲ ਵਿੱਚ ਮਾਰਚ, 2023 ਵਿੱਚ ਕਲਾਸੀਕਲ ਗਾਇਕੀ ਪੇਸ਼ ਕੀਤੀ। ਇਸੇ ਤਰ੍ਹਾਂ ਆਪ ਨੇ ਪੂਰੇ ਭਾਰਤ ਵਿੱਚ ਵੱਖ-ਵੱਖ ਸੰਸਥਾਵਾਂ ਅਤੇ ਕੀਨੀਆ (ਅਫਰੀਕਾ) ਦੀਆਂ ਸੰਸਥਾਵਾਂ ਦੀ ਸਰਪ੍ਰਸਤੀ ਵਿੱਚ 400 ਤੋਂ ਵੱਧ ਸ਼ਾਸਤਰੀ ਗਾਇਨ ਅਤੇ ਗੁਰਬਾਣੀ ਕੀਰਤਨ ਦੀਆਂ ਪੇਸ਼ਕਾਰੀਆਂ ਦਿੱਤੀਆਂ ਹਨ ਜਿਹਨਾਂ ਵਿਚ ਨਾਰਥ ਜ਼ੋਨ ਕਲਚਰਲ ਸੈਂਟਰ, ਇੰਡੀਅਨ ਨੈਸ਼ਨਲ ਥਿਏਟਰ (ਚੰਡੀਗੜ੍ਹ), ਪ੍ਰਾਚੀਨ ਕਲਾ ਕੇਂਦਰ (ਚੰਡੀਗੜ੍ਹ), ਲਕਸ਼ਮੀ ਨਰਾਇਣ ਰਾਗ ਸਭਾ (ਜਲੰਧਰ), ਪੰਜਾਬ ਸੰਗੀਤ ਨਾਟਕ ਅਕਾਦਮੀ (ਚੰਡੀਗੜ੍ਹ) ਕੇਂਦਰੀ ਸੰਗੀਤ ਨਾਟਕ ਅਕਾਦਮੀ, ਸਪਤਕ (ਅਹਿਮਦਾਬਾਦ) ਸੰਗੀਤ ਸੰਕਲਪ (ਮੇਰਠ, ਗਾਜ਼ੀਆਬਾਦ), ਮੁੰਬਈ ਯੂਨੀਵਰਸਿਟੀ, ਐੱਮ. ਐੱਸ. ਯੂਨੀਵਰਸਿਟੀ ਬੜੌਦਾ ਪ੍ਰਮੁੱਖ ਹਨ।

ਇਸੇ ਸਾਲ ਹੀ ਡਾ. ਨਿਵੇਦਿਤਾ ਨੂੰ ਪੰਜਾਬ ਦੇ ਮਾਣਯੋਗ ਗਵਰਨਰ ਵੱਲੋਂ 75ਵੇਂ ਗਣਤੰਤਰ ਦਿਵਸ 'ਤੇ ਰਾਜ ਪੱਧਰੀ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਆਪ ਨੂੰ ਜਵੱਦੀ ਟਕਸਾਲ ਵੱਲੋਂ 'ਗੁਰਮਤਿ ਸੰਗੀਤ ਅਵਾਰਡ', ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ 'ਭਾਈ ਮਰਦਾਨਾ ਅਵਾਰਡ', ਪੰਜਾਬੀ ਸਾਹਿਤ ਸਭਾ ਢੁੱਡੀਕੇ ਵੱਲੋਂ 'ਡਾ. ਜਸਵੰਤ ਗਿੱਲ ਮੈਮੋਰੀਅਲ ਅਵਾਰਡ', ਅਤੇ ਸਲਾਮਤ ਅਲੀ, ਨਜਾਕਤ ਅਲੀ ਕਲਚਰਲ ਸੋਸਾਇਟੀ ਸ਼ਾਮ ਚੁਰਾਸੀ ਵੱਲੋਂ 'ਸਰਦਾਰ ਜੋਧ ਸਿੰਘ ਅਕਾਸ਼ਵਾਣੀ ਅਵਾਰਡ' ਪ੍ਰਾਪਤ ਹੋ ਚੁੱਕੇ ਹਨ। ਕਈ ਹੋਰ ਸੰਸਥਾਵਾਂ ਵੱਲੋਂ ਵੀ ਆਪ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣ ਵਜੋਂ ਆਰਟਸ ਐਂਡ ਕਲਚਰ ਫੈਕਲਟੀ ਦੇ ਡੀਨ ਅਤੇ ਯੋਜਨਾ ਅਤੇ ਨਿਗਰਾਨ ਕਮੇਟੀ ਦੇ ਮੈਂਬਰ ਰਹੇ ਹਨ। ਆਪ ਸੈਨੇਟ ਅਤੇ ਸਿੰਡੀਕੇਟ, ਅਕਾਦਮਿਕ ਕੌਂਸਲ ਦੇ ਮੈਂਬਰ ਅਤੇ ਪੰਜ ਸਾਲਾ ਏਕੀਕ੍ਰਿਤ ਪ੍ਰੋਗਰਾਮ (ਕਰਤਬੀ ਅਤੇ ਦਰਸ਼ਨੀ ਕਲਾਵਾਂ) ਦੇ ਕੋਆਰਡੀਨੇਟਰ ਰਹੇ ਹਨ। ਇਸੇ ਤਰ੍ਹਾਂ ਆਪ ਸੰਗੀਤ ਵਿਭਾਗ ਦੇ ਮੁਖੀ ਅਤੇ ਪ੍ਰਬੰਧਕੀ ਕਮੇਟੀ, ਯੁਵਕ ਭਲਾਈ ਦੇ ਕਨਵੀਨਰ ਰਹੇ ਹਨ। ਆਪ ਦੀ ਨਿਗਰਾਨੀ ਹੇਠ ਅਨੇਕ ਖੋਜਾਰਥੀਆਂ ਨੇ ਐਮ.ਫਿਲ. ਅਤੇ ਪੀ.ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।

ਇੱਕ ਵਿਦਵਾਨ ਹੋਣ ਦੇ ਨਾਤੇ ਆਪ ਨੇ ਬਹੁਤ ਸਾਰੇ ਸੈਮੀਨਾਰਾਂ ਵਿੱਚ ਪਰਿਪੱਕ ਅਤੇ ਬੇਬਾਕ ਵਿਚਾਰ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਪੇਸ਼ ਕੀਤੇ ਹਨ। ਲੇਖਣੀ ਦੇ ਨਾਲ਼-ਨਾਲ਼ ਬੋਲਣ ਦੀ ਕਲਾ ਨੂੰ ਵੀ ਆਪ ਨੇ ਸਾਧਿਆ ਹੈ ਅਤੇ ਆਪ ਵਿਚਾਰਾਂ ਦਾ ਸਪਸ਼ਟਤਾ ਨਾਲ਼ ਸੰਚਾਰ ਕਰਦੇ ਹਨ। ਆਪ ਨੇ ਅਨੇਕ ਖੋਜ ਪੱਤਰਾਂ ਦਾ ਲੇਖਨ ਕੀਤਾ ਜਿਨ੍ਹਾਂ ਦਾ ਬਹੁਤ ਲਾਭ ਸੰਗੀਤ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਹੋਇਆ ਜਿਨ੍ਹਾਂ ਵਿੱਚ ਲੇਖਿਕਾ ਵੀ ਸ਼ਾਮਲ ਹੈ। ਆਪ ਦੀਆਂ ਲਿਖਤਾਂ ਚਾਹੇ ਉਹ ਖੋਜ ਪੱਤਰ ਦੇ ਰੂਪ ਵਿਚ ਹੋਣ, ਚਾਹੇ ਅਖ਼ਬਾਰਾਂ ਜਾਂ ਮੈਗਜੀਨਾਂ ਵਿਚ ਛਪਦੇ ਲੇਖ ਹੋਣ ਸਦਾ ਮਿਆਰ ਵਾਲੀਆਂ ਸਾਬਤ ਹੋਈਆਂ ਹਨ। ਆਪ ਦੀ ਇੱਕ ਪੁਸਤਕ 'ਟਰਿਡੀਸ਼ਨ ਆਫ਼ ਹਿੰਦੁਸਤਾਨੀ ਮਿਊਜ਼ਿਕ : ਅ ਸੋਸ਼ਿਓਲੌਜੀਕਲ ਅਪ੍ਰੋਚ' ਸਿਰਲੇਖ ਅਧੀਨ ਪ੍ਰਕਾਸ਼ਿਤ ਹੋਈ ਹੈ। ਡਾ. ਨਿਵੇਦਿਤਾ ਸਿੰਘ ਹਮੇਸ਼ਾ ਇਸ ਗੱਲ ਲਈ ਤਤਪਰ ਰਹਿੰਦੇ ਹਨ ਕਿ ਸੰਗੀਤ ਦੀ ਉਚੇਰੀ ਸਿੱਖਿਆ ਵਿੱਚ ਕਿਰਿਆਤਮਕ ਦੇ ਨਾਲ ਨਾਲ ਸ਼ਾਸਤਰ ਪੱਖ ਵਿੱਚ ਵੀ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਪਰਿਪੱਕ ਹੋਣ ਦੀ ਬਹੁਤ ਜ਼ਰੂਰਤ ਹੈ। ਆਪ ਦਾ ਮੰਨਣਾ ਹੈ ਕਿ ਯੂਨੀਵਰਸਿਟੀਆਂ ਵਿੱਚ ਹੋਣ ਨਾਤੇ ਸਾਡਾ ਇਹ ਫ਼ਰਜ਼ ਹੈ ਕਿ ਸੰਗੀਤ ਦੀ ਸਮੱਗਰ ਸਮਝ ਵਿਦਿਆਰਥੀ ਨੂੰ ਦਿੱਤੀ ਜਾ ਸਕੇ। ਇਸ ਤਰ੍ਹਾ ਆਪ ਦੀ ਸ਼ਖਸੀਅਤ ਵਿਚ ਮੰਚ ਪੇਸ਼ਕਾਰੀ, ਅਕਾਦਮਿਕਤਾ ਅਤੇ ਪ੍ਰਬੰਧਕੀ ਸੂਝ-ਬੂਝ ਦਾ ਸੁੰਦਰ ਸੁਮੇਲ ਹੈ।

ਵਰਣਨਯੋਗ ਹੈ ਕਿ ਆਪ ਨੇ ਪ੍ਰਾਜੈਕਟ ਇੰਚਾਰਜ ਵਜੋਂ ਪੰਜਾਬ ਦੇ ਸੰਗੀਤ ਉੱਤੇ ਦੋ ਪ੍ਰੋਜੈਕਟ ਸੰਗੀਤ ਜਗਤ ਨੂੰ ਭੇਂਟ ਕੀਤੇ ਜੋ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਕੀਤੇ ਗਏ ਸਨ। ਪ੍ਰਸਿੱਧ ਪੰਜਾਬੀ ਗਾਇਕ ਪੰਮੀ ਬਾਈ ਦੁਆਰਾ ਨਿਰਦੇਸ਼ਿਤ ਪੰਜਾਬੀ ਲੋਕ ਸਾਜ਼ ਪ੍ਰਾਜੈਕਟ ਆਪ ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਸੰਪੰਨ ਹੋਇਆ। ਦੂਸਰਾ ਪ੍ਰਾਜੈਕਟ 'ਵਿਰਸੇ ਦੀ ਖ਼ੁਸ਼ਬੂ' ਨਾਮਕ ਸੀ.ਡੀ. ਦਾ ਨਿਰਮਾਣ ਸੀ ਜਿਸੋ ਵਿੱਚ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ ਗੀਤ, ਸੂਫ਼ੀ ਗੀਤ ਅਤੇ ਸਾਹਿਤਕ ਗੀਤਾਂ ਦਾ ਗਾਇਨ ਕੀਤਾ ਗਿਆ। ਇਸਦੇ ਨਾਲ ਹੀ ਦੇਸ਼ ਭਗਤ ਯਾਦਗਾਰੀ ਕਮੇਟੀ, ਜਲੰਧਰ ਵੱਲੋਂ 2013 ਵਿੱਚ ਗਦਰ ਪਾਰਟੀ ਦੀ ਸ਼ਤਾਬਦੀ ਮੌਕੇ ਕੱਢੀ ਗਈ ਸੀ.ਡੀ. 'ਗਦਰੀ ਗੂੰਜਾਂ' ਵਿੱਚ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਗਦਰ-ਕਾਵਿ ਦੇ ਚਾਰ ਗੀਤਾਂ ਦਾ ਗਾਇਨ ਡਾ. ਨਿਵੇਦਿਤਾ ਦੀ ਨਿਰਦੇਸ਼ਨਾ ਅਤੇ ਨਿਗਰਾਨੀ ਵਿੱਚ ਕੀਤਾ ਗਿਆ। ਆਪ ਨੇ ਭਾਰਤ ਦੀਆਂ ਹੋਰ ਯੂਨੀਵਰਸਿਟੀਆਂ ਨਾਲ ਕਈ ਕਲਚਰਲ ਐਕਸਚੇਂਜ ਪ੍ਰੋਗਰਾਮ ਵੀ ਕਰਵਾਏ, ਅਕਾਦਮਿਕ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਵੀ ਖੂਬ ਨਿਭਾਇਆ। ਸੰਗੀਤ ਵਿਭਾਗ ਦੇ ਪੂਰਵਲੇ ਮੁਖੀ ਹੁੰਦੇ ਹੋਏ ਡਾ. ਨਿਵੇਦਿਤਾ ਸਿੰਘ ਨੇ

ਪੰਜਾਬ ਦੇ ਵਿਰਾਸਤੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਨਿੱਠ ਕੇ ਕਾਰਜ ਕੀਤਾ। ਆਪ ਦੁਆਰਾ ਦੋ ਰੋਜ਼ਾ ਪੰਜਾਬੀ ਸੰਗੀਤ ਉਤਸਵ ਦਾ ਆਯੋਜਨ ਆਰੰਭ ਕੀਤਾ ਗਿਆ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਉਤਸਵ ਵਿੱਚ ਪੰਜਾਬ ਦੇ ਲੋਕ ਸੰਗੀਤ ਤੋਂ ਇਲਾਵਾ ਪੰਜਾਬੀ ਸੰਗੀਤ ਦੀਆਂ ਹੋਰ ਸਿਨਫਾਂ ਸੂਫ਼ੀ ਸੰਗੀਤ, ਸਾਹਿਤਕ ਗਾਇਕੀ, ਪੰਜਾਬੀ ਭਾਸ਼ਾਈ ਬੰਦਿਸ਼ਾਂ ਦਾ ਗਾਇਨ ਅਤੇ ਗੁਰਬਾਣੀ ਗਾਇਨ ਨੂੰ ਪੇਸ਼ ਕੀਤਾ ਗਿਆ। ਪੰਜਾਬ ਦੇ ਸੰਗੀਤ ਵਿੱਚ ਨਿੱਗਰ ਯੋਗਦਾਨ ਪਾਉਣ ਵਾਲੇ ਕਲਾਕਾਰਾਂ ਨੂੰ ਪੰਜਾਬੀ ਸੰਗੀਤ ਸੇਵਾ ਸਨਮਾਨ ਨਾਲ ਨਵਾਜਣ ਦੀ ਪਿਰਤ ਡਾ. ਨਿਵੇਦਿਤਾ ਨੇ ਹੀ ਪਾਈ। ਉਸ ਸਮੇਂ ਦੇ ਕਈ ਨਾਮਵਾਰ ਕਲਾਕਾਰ ਜਿਵੇਂ ਅਮਰਜੀਤ ਗੁਰਦਾਸਪੁਰੀ, ਪੂਰਨ ਸ਼ਾਹ ਕੋਟੀ ਅਤੇ ਗੁਰਪਾਲ ਪਾਲ ਆਦਿ ਨੂੰ ਯੂਨੀਵਰਸਿਟੀ ਵੱਲੋਂ ਸਨਮਾਨਿਤ ਕੀਤਾ ਗਿਆ। ਆਪ ਵੱਲੋਂ ਵਿਭਾਗ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਵੱਲੋਂ ਸੰਜੀਦਾ ਪੰਜਾਬੀ ਗਾਇਕੀ ਦੀਆਂ ਬਹੁਤ ਸਾਰੀਆਂ ਪੇਸ਼ਕਾਰੀਆਂ ਦਾ ਆਯੋਜਨ ਕੀਤਾ ਗਿਆ ਅਤੇ ਇੱਕ ਅਜਿਹਾ ਮਾਡਲ ਪੰਜਾਬ ਦੇ ਸੰਗੀਤ ਦਾ ਪੇਸ਼ ਕੀਤਾ ਜਿਸ ਦੀ ਸ਼ਲਾਘਾ ਪੰਜਾਬ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਤੇ ਪੰਜਾਬ ਦੇ ਵਿਦਵਾਨ ਤਬਕੇ ਵੱਲੋਂ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੂੰ ਪੰਜਾਬ ਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਗਾਇਨ ਲਈ ਸੱਦੇ ਵੀ ਭੇਜੇ ਗਏ ਜਿਨ੍ਹਾਂ ਵਿਚ ਪੰਜਾਬ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ, ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ ਪ੍ਰੀਤਨਗਰ ਅਤੇ ਸਭਿਆਚਾਰਕ ਮਾਮਲੇ ਵਿਭਾਗ ਚੰਡੀਗੜ੍ਹ ਯੂ. ਟੀ. ਪ੍ਰਮੁੱਖ ਹਨ। ਆਪ ਦੀ ਰਹਿਨੁਮਾਈ ਹੇਠ ਦੋ ਰੋਜ਼ਾ ਪ੍ਰੋਫੈਸਰ ਤਾਰਾ ਸਿੰਘ ਪਟਿਆਲਾ ਸੰਗੀਤ ਸੰਮੇਲਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸ਼ੁਰੂ ਕੀਤਾ ਗਿਆ, ਜਿਸ ਵਿੱਚ ਭਾਰਤ ਦੇ ਬੜੇ ਨਾਮਵਰ ਕਲਾਕਾਰ ਜਿਵੇਂ ਕਿ ਪੰਡਿਤ ਐਲ.ਕੇ. ਪੰਡਿਤ, ਪੰਡਿਤ ਵਿਸ਼ਵਮੋਹਨ ਭੱਟ, ਪੰਡਿਤ ਰਾਜਨ ਸਾਜਨ ਮਿਸ਼ਰ, ਪੰਡਿਤ ਸ਼ਾਂਤਨੂ ਭੱਟਾਚਾਰਿਆ, ਵਿਦੂਸ਼ੀ ਅੰਜਨਾ ਨਾਥ ਉ. ਸਈਦ ਜ਼ਫ਼ਰ, ਪੰਡਿਤ ਰਿਤੇਸ਼ ਰਜਨੀਸ਼ ਮਿਸ਼ਰ ਤੋਂ ਇਲਾਵਾ ਪਟਿਆਲਾ ਘਰਾਣਾ ਦੇ ਬਹੁਤ ਸਾਰੇ ਕਲਾਕਾਰਾਂ ਨੇ ਤੇ ਖ਼ਾਸ ਤੌਰ ਤੇ ਪੰਜਾਬ ਦੇ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਹ ਸੰਮੇਲਨ ਅੱਜ ਵੀ ਨਿਰਵਿਘਨ ਜਾਰੀ ਹੈ ਜਿਸ ਦੇ ਆਯੋਜਨ ਲਈ ਆਪ ਦੇ ਗੁਰੂ ਉੱਘੇ ਸੰਗੀਤ ਵਿਦਵਾਨ ਪ੍ਰੋਫੈਸਰ ਤਾਰਾ ਸਿੰਘ ਜੀ ਦੇ ਪਰਿਵਾਰ ਨੇ ਇੱਕ ਐਨਡੌਅਮੈਂਟ ਫ਼ੰਡ ਵਜੋਂ ਰਾਸ਼ੀ ਯੂਨੀਵਰਸਿਟੀ ਨੂੰ ਪ੍ਰਦਾਨ ਕੀਤੀ।

ਡਾ. ਨਿਵੇਦਿਤਾ ਸਿੰਘ ਦਾ ਪੰਜਾਬੀ ਸਾਹਿਤਕ ਗਾਇਕੀ ਵਿੱਚ ਵੀ ਰੁਝਾਨ ਹੈ ਅਤੇ ਇਸਨੂੰ ਗਾਉਣ ਦਾ ਸ਼ੌਕ ਰੱਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਗਾਇਕੀ ਵਿੱਚ ਜੋ ਗੰਧਲਾਪਨ ਆ ਰਿਹਾ ਹੈ ਉਸਨੂੰ ਦੂਰ ਕਰਨ ਲਈ ਉਸਦੇ ਸਮਾਨੰਤਰ ਸਾਨੂੰ ਇੱਕ ਸਾਫ਼ ਸੁਥਰੀ ਗਾਇਕੀ ਦਾ ਮਾਡਲ ਦੇਣਾ ਪਵੇਗਾ। ਡਾ. ਨਿਵੇਦਿਤਾ ਦਾ ਖੋਜ ਦਾ ਖੇਤਰ ਹਿੰਦੁਸਤਾਨੀ ਸੰਗੀਤ ਦਾ ਸਮਾਜਸ਼ਾਸਤਰ ਹੈ। ਉਹ ਸੰਗੀਤ ਨੂੰ ਹਮੇਸ਼ਾ ਸਮਾਜ ਨਾਲ ਜੋੜ ਕੇ ਹੀ ਦੇਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਿੱਥੇ ਸਮਾਜ ਸੰਗੀਤ ਨੂੰ ਪ੍ਰਭਾਵਿਤ ਕਰਦਾ ਹੈ ਉੱਥੇ ਸੰਗੀਤ ਵਿੱਚ ਵੀ ਸਮਾਜ ਨੂੰ ਪ੍ਰਭਾਵਿਤ ਕਰਨ ਅਤੇ ਬਦਲਣ ਦੀ ਬਹੁਤ ਸ਼ਕਤੀ ਹੈ। ਉਹ ਕਹਿੰਦੇ ਹਨ ਕਿ ਕਲਾਕਾਰ ਮਹਿਜ਼ ਮਨੋਰੰਜਨ ਕਰਨ ਲਈ ਨਹੀਂ ਹੁੰਦਾ ਬਲਕਿ ਉਸਨੇ ਲੋਕਾਂ ਨੂੰ ਸੂਝ ਬੂਝ ਵੀ ਦੇਣੀ ਹੁੰਦੀ ਹੈ। ਉਸਨੇ ਲੋਕਾਂ ਨੂੰ ਉਹਨਾਂ ਦੀ ਅਸਲ ਵਿਰਾਸਤ ਤੋਂ ਜਾਣੂ ਕਰਵਾਉਣਾ ਹੁੰਦਾ ਹੈ। ਇਸ ਲਈ ਕਲਾਕਾਰ ਦਾ ਬੁੱਧੀਮਾਨ ਹੋਣਾ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾਂ ਕਿ ਉਸਦਾ ਕਲਾ ਵਿਚ ਮਾਹਿਰ ਹੋਣਾ ਜ਼ਰੂਰੀ ਹੈ।

ਅਜਿਹੇ ਫ਼ਨਕਾਰ ਜੋ ਆਪਣੇ ਫ਼ਨ ਨਾਲ ਸਰੋਤਿਆਂ ਦੇ ਦਿਲਾਂ ਨੂੰ ਮੁਅੱਤਰ ਕਰਦੇ ਹਨ ਦੇ ਨਾਲ ਕਿਸੇ ਦੂਰ ਅੰਦੇਸ਼ੀ ਸੋਚ ਦਾ ਮੁਸਲਸਲ ਸਾਥ ਸਾਰਥਕ ਹੋ ਸਕਦਾ ਹੈ। ਜਿਕਰਯੋਗ ਹੈ ਕਿ ਆਪ ਦੇ ਜੀਵਨਸਾਥੀ ਡਾ. ਭੀਮਇੰਦਰ ਸਿੰਘ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸੁਘੜ ਵਿਦਵਾਨ ਹਨ। ਡਾ. ਭੀਮਇੰਦਰ ਸਿੰਘ ਕਈ ਸਾਹਿਤਕ ਪੁਸਤਕਾਂ ਦੇ ਰਚਨਹਾਰੇ ਹਨ। ਘਰ ਵਿਚਲੇ ਚਿੰਤਨੀ ਅਤੇ ਸੰਵਾਦੀ ਮਾਹੌਲ ਕਾਰਨ ਆਪ ਦੀ ਸ਼ਖ਼ਸੀਅਤ ਵਿਚਲੀ ਖੋਜ ਬਿਰਤੀ ਅਤੇ ਅਨੇਕ ਵਿਸ਼ਿਆਂ ਪ੍ਰਤੀ ਸਮਝ ਆਪ ਦੇ ਵਿਹਾਰ ਦਾ ਸੰਜੀਦਾ ਗੁਣ ਹੈ। ਆਪ ਦੇ ਬੱਚੇ ਸੁਰਦੀਪ ਸਿੰਘ ਤੇ ਆਸਾਵਰੀ ਵੀ ਕਲਾ ਤੇ ਸਾਹਿਤ ਨਾਲ ਜੁੜੇ ਹੋਏ ਹਨ।

ਡਾ. ਨਿਵੇਦਿਤਾ ਸਿੰਘ ਦੀ ਆਵਾਜ਼ ਵਿੱਚ ਅਜਿਹੀ ਖਨਕ ਅਤੇ ਆਕਰਸ਼ਣ ਹੈ ਕਿ ਉਹਨਾਂ ਦਾ ਗਾਇਨ ਅਤਿਅੰਤ ਪ੍ਰਭਾਵਿਤ ਕਰਦਾ ਹੈ। ਜਦੋਂ ਉਹ ਆਪਣੀ ਸੁਰੀਲੀ ਤੇ ਕੋਮਲ ਆਵਾਜ਼ ਨਾਲ ਗੁਰਬਾਣੀ ਦਾ ਮਧੁਰ ਗਾਇਨ ਕਰਦੇ ਹਨ ਤਾਂ ਸ਼ਬਦ ਦਾ ਸੰਚਾਰ ਸ਼੍ਰੋਤਿਆਂ ਦੇ ਧੁਰ ਅੰਦਰ ਤੱਕ ਹੁੰਦਾ ਹੈ। ਸੁਰ ਅਤੇ ਲੈਅਕਾਰੀ ਦੀ ਪਕਿਆਈ ਅਤੇ ਭਾਵਪੂਰਨ ਗਾਇਕੀ ਨੇ ਉਹਨਾਂ ਦੀ ਸੰਗੀਤਕ ਸਖ਼ਸ਼ੀਅਤ ਨੂੰ ਇੱਕ ਵਿਲੱਖਣਤਾ ਪ੍ਰਦਾਨ ਕੀਤੀ ਹੈ। ਪੰਜਾਬ ਦੀਆਂ ਅਗਲੇਰੀ ਪੀੜ੍ਹੀ ਦੀਆਂ ਇਸਤਰੀ ਕਲਾਕਾਰਾਂ ਨੇ ਉਹਨਾਂ ਨੂੰ ਆਪਣਾ ਪ੍ਰੇਰਨਾਸ੍ਰੋਤ ਮੰਨਿਆ ਹੈ।

**ਖੋਜਾਰਥਣ, ਸੰਗੀਤ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਸੰਪਰਕ: 84270-18560**

# ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ

**ਸੁਖਵਿੰਦਰ ਸਿੰਘ ਸਾਗਰ**

## ਸਥਾਪਨਾ

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ 1999 ਵਿੱਚ ਖਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ ਨੂੰ ਸਮਰਪਿਤ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਸਿੱਖ ਜਗਤ ਦੇ ਸਹਿਯੋਗ ਨਾਲ ਮਨਾਉਣ ਦਾ ਵੱਡਾ ਫੈਸਲਾ ਕੀਤਾ ਗਿਆ। ਖਾਲਸੇ ਦੇ ਸਿਰਜਣਾ ਦਿਵਸ ਨੂੰ ਸਮਰਪਿਤ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਗੁਰੂ ਸਾਹਿਬਾਨ ਵਲੋਂ ਸਥਾਪਿਤ ਕੀਤੀ ਗਈ ਕੀਰਤਨ ਪ੍ਰੰਪਰਾ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਰਵਾਇਤੀ ਸਾਜ ਰਬਾਬ, ਦਿਲਰੁਬਾ, ਸਿਰੰਦਾ ਤੇ ਤਾਨਪੁਰਾ ਤੰਤੀ ਸਾਜਾਂ ਦੁਆਰਾ ਕੀਰਤਨ ਸਿਖਲਾਈ ਕਰਵਾਉਣ ਵਾਲਾ ਇੱਕ ਵਿਸ਼ੇਸ ਗੁਰਮਤਿ ਸੰਗੀਤ ਦਾ ਅਦਾਰਾ ਖੋਲਣ ਦਾ ਫੈਸਲਾ ਲਿਆ ਗਿਆ। ਵਾਰਡ ਨੰਬਰ 02 ਮੁਹੱਲਾ ਫਤਹਿਗੜ੍ਹ ਸਾਹਿਬ ਨੇੜੇ ਗੁਰਦਵਾਰਾ ਕਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਥਾਨ ਤੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਹੇਠ ਸੰਸਥਾ ਦੀ ਸਥਾਪਨਾ ਕੀਤੀ ਗਈ ।

## ਮੁੱਖ ਉਦੇਸ਼

ਪਦਮ ਸ੍ਰੀ ਪ੍ਰੋ ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਹੋਈ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਤਰਨ ਸ਼ੈਲੀ ਨੂੰ ਤੰਤੀ ਸਾਜ਼ ਰਬਾਬ, ਸਿਰੰਦਾ,ਦਿਲਰੁਬਾ ਤੇ ਤਾਨਪੁਰੇ ਦੁਆਰਾ ਮੁੜ ਸੁਰਜੀਤ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ ਰਾਗਾਂ ਤੇ ਮਿਸ਼ਰਤ ਰਾਗਾਂ ਅਨੁਸਾਰ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਹੋਈ ਕੀਰਤਨ ਸ਼ੈਲੀ ਦਾ ਪ੍ਰਚਾਰ ਕਰਨਾ। ਵੱਖ-ਵੱਖ ਕੀਰਤਨ ਚੌਕੀਆਂ ਅਨੁਸਾਰ ਸ਼ੁੱਧ ਤੇ ਅਸਲ ਰੂਪ ਵਿੱਚ ਵਿਦਿਆਰਥੀਆਂ ਦੀ ਘਾੜਤ ਘੜਣਾ ਹੈ, ਤਾ ਜੋ ਟਕਸਾਲੀ ਕੀਰਤਨੀਏ ਬਣ ਸਕਣ। ਗੁਰਮਤਿ ਸੰਗੀਤ ਅਨੁਸਾਰ ਗੁਰਬਾਣੀ ਤੇ ਸਿੱਖ ਸਿਧਾਤਾਂ ਦਾ ਪ੍ਰਚਾਰ ਕਰਨਾ ਹੈ।

## ਉਦਘਾਟਨ

ਪਦਮ ਸ੍ਰੀ ਪ੍ਰੋ ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦਾ ਉਦਘਾਟਨ 11-10- 1999 ਨੂੰ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ (ਸ਼੍ਰੋ.ਗੁ ਪ੍ਰ. ਕਮੇਟੀ) ਨੇ ਕੀਤਾ ਉਸ ਸਮੇਂ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਕੇਵਲ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਡਾ. ਗੁਰਬਚਨ ਸਿੰਘ ਬਚਨ ਸਕੱਤਰ (ਸ਼੍ਰੋ.ਗੁ ਪ੍ਰ.ਕਮੇਟੀ) ਸ੍ਰੀ ਅੰਮ੍ਰਿਤਸਰ, ਸ. ਵਰਿਆਮ ਸਿੰਘ ਜੀ ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, ਸ. ਸਤਨਾਮ ਸਿੰਘ ਮੈਂਬਰ (ਸ਼੍ਰੋ.ਗੁ ਪ੍ਰ.ਕਮੇਟੀ) ਸ੍ਰੀ ਅੰਮ੍ਰਿਤਸਰ, ਸ. ਕਰਮ ਸਿੰਘ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਤਰਲੋਚਨ ਸਿੰਘ ਹੈਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਆਗੂ, ਇਲਾਕੇ ਦੀਆਂ ਸਭਾ ਸੁਸਾਇਟੀਆਂ ਤੇ ਸੰਗਤਾਂ ਵਲੋਂ ਕੀਤਾ ਗਿਆ।

## ਦਾਖਲਾ ਤੇ ਕੋਰਸ

ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਿੰਨ ਸਾਲਾ ਕੀਰਤਨ ਗਿਆਨ ਕੋਰਸ ਤੇ ਤਬਲਾ ਗਿਆਨ ਕੋਰਸ ਦੇ ਦਾਖਲੇ ਲਈ ਗੁਰਮਤਿ ਸੰਗੀਤ ਵਿੱਚ ਰੁਚੀ ਰੱਖਣ ਵਾਲੇ, ਸਿੱਖ ਰਹੁ ਰੀਤ ਦੇ ਜਾਣਕਾਰ, ਅੰਮ੍ਰਿਤਧਾਰੀ, 10+2 ਪਾਸ ਤੇ ਉਮਰ ਹੱਦ 22 ਸਾਲ ਤੀਕ ਦੇ ਵਿਦਿਆਰਥੀਆਂ ਨੂੰ ਤਿੰਨ ਸਾਲਾ ਕੋਰਸ ਕਰਵਾਇਆ ਜਾਂਦਾ ਹੈ।

## ਅਕੈਡਮੀ ਦੀ ਆਰੰਭਤਾ ਤੇ ਵਿਦਿਆਰਥੀਆਂ ਦਾ ਵੇਰਵਾ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ 17-12- 1999 ਦਿਨ ਸ਼ੁੱਕਰਵਾਰ ਨੂੰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਅਕੈਡਮੀ ਦੀ ਆਰੰਭਤਾ ਤੇ ਚੜ੍ਹਦੀਕਲਾ ਦੀ ਅਰਦਾਸ ਤਖ਼ਤ ਸ੍ਰੀ

ਕੇਸਗੜ੍ਹ ਸਾਹਿਬ ਵਿਖੇ ਕੀਤੀ ਗਈ, ਜਿਸ ਵਿੱਚ ਗਿਆਨੀ ਤਰਲੋਚਨ ਸਿੰਘ ਹੈਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਧਾਰਮਿਕ ਸਖਸੀਅਤਾਂ, ਇਲਾਕੇ ਦੀਆਂ ਸਭਾ ਸੁਸਾਇਟੀਆਂ ਤੇ ਸੰਗਤਾਂ ਸ਼ਾਮਲ ਹੋਈਆਂ। ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੀਆਂ ਕਲਾਸਾਂ ਦੀ ਆਰੰਭਤਾ 17 ਦਸੰਬਰ 1999 ਤੋਂ ਕੀਤੀ ਗਈ ਪਹਿਲੇ ਅੱਠ ਸ਼ੈਸ਼ਨਾਂ ਵਿੱਚ 231 ਵਿਦਿਆਰਥੀ ਸਿਖਲਾਈ ਪ੍ਰਾਪਤ ਕਰਕੇ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹੋਏ ਆਪਣਾ ਤੇ ਆਪਣੇ ਪਰਿਵਾਰਾਂ ਦਾ ਨਿਰਬਾਹ ਕਰ ਰਹੇ ਹਨ। ਇਸ ਸਮੇਂ ਚੱਲ ਰਹੇ ਨੌਵੇ ਸ਼ੈਸ਼ਨ (2023-2026) ਵਿੱਚ 32 ਵਿਦਿਆਰਥੀ ਕੀਰਤਨ ਸਿਖਲਾਈ ਹਾਸਲ ਕਰ ਹਰੇ ਹਨ। ਵੇਰਵਾ ਇਸ ਪ੍ਰਕਾਰ ਹੈ।

| ਲੜੀ. ਨੰ. | ਸੈਸ਼ਨ | ਕੀਰਤਨ ਕਲਾਸ ਵਿਦਿਆਰਥੀ | ਤਬਲਾ ਕਲਾਸ ਵਿਦਿਆਰਥੀ | ਕੁੱਲ ਵਿਦਿਆਰਥੀ |
|---|---|---|---|---|
| 1 | 1999 - 2002 | 18 | 07 | 25 |
| 2 | 2002 - 2005 | 19 | 10 | 29 |
| 3 | 2005 - 2008 | 24 | 09 | 33 |
| 4 | 2008 - 2011 | 24 | 12 | 36 |
| 5 | 2011 - 2014 | 16 | 10 | 26 |
| 6 | 2014 - 2017 | 18 | 8 | 26 |
| 7 | 2017 - 2020 | 20 | 10 | 30 |
| 8 | 2020 - 2023 | 18 | 08 | 26 |
| 9 | 2023- 2026 | 21 | 11 | 32 |
| | ਜੋੜ | 178 | 85 | 263 |

## ਰੋਜ਼ਾਨਾ ਦੀ ਕਾਰਜ ਵਿਧੀ

| | | | |
|---|---|---|---|
| ਜਾਗਣ ਦਾ ਸਮਾਂ | 4:00 | ਅੰਮ੍ਰਿਤ ਵੇਲਾ | |
| ਇਸ਼ਨਾਨ | 4:00- 5:30 | ਅੰਮ੍ਰਿਤ ਵੇਲਾ | ਨਿਤਨੇਮ ਲਈ ਤਿਆਰ ਹੋਣਾ |
| ਨਿਤਨੇਮ | 5:30- 7:00 | ਅੰਮ੍ਰਿਤ ਵੇਲਾ | ਸੰਗਤੀ ਰੂਪ ਕਲਾਸ ਵਿੱਚ |
| ਚਾਹ ਤੇ ਸਵਰ ਅਭਿਆਸ | 7:00- 8:30 | ਸਵੇਰੇ | ਕਲਾਸ ਜਾਂ ਕਮਰੇ ਵਿੱਚ |
| ਕਲਾਸ ਕੀਰਤਨ /ਤਬਲਾ | 8-30:10:00 | ਸਵੇਰੇ | ਆਪੋ ਆਪਣੀ ਕਲਾਸ ਵਿੱਚ |
| ਲੰਗਰ | 10:00- 10:4 0 | ਸਵੇਰੇ | ਪੰਗਤ ਵਿੱਚ |
| ਗੁਰਬਾਣੀ ਸੰਥਿਆ ਕਲਾਸ | 10:40-12:00 | ਸਵੇਰੇ | ਕਲਾਸ ਵਿੱਚ |
| ਤੰਤੀ ਸਾਜ ਤੇ ਥਿਊਰੀ ਕਲਾਸ | 12:00-12:40 | ਦੁਪਹਿਰ | ਕਲਾਸ ਵਿੱਚ |
| ਲਾਜਮੀ ਵਿਸ਼ਾ | 12:40-1:20 | ਦੁਪਹਿਰ | ਕਲਾਸ ਵਿੱਚ |
| ਆਸਾ ਦੀ ਵਾਰ ਦਾ ਕੀਰਤਨ | 01:20-2:00 | ਦੁਪਹਿਰ | ਕਲਾਸ ਵਿੱਚ |
| ਰੈਸਟ | 2:00-3:00 | ਦੁਪਹਿਰ | ਪੂਰੀ ਰੈਸਟ ਆਪੋ ਆਪਣੇ ਕਮਰੇ ਵਿੱਚ |
| ਦਲੀਆ/ ਚਾਵਲ ਆਦਿ | 3:00-3:30 | ਸ਼ਾਮ | ਲੋੜਾਵੇਲਾ |
| ਸ਼ਬਦ ਬੰਦਸ਼ਾਂ ਦੀ ਤਿਆਰੀ | 3:30-5: 30 | ਸ਼ਾਮ | ਕਲਾਸ ਵਿੱਚ |
| ਕਸਰਤ ਤੇ ਯੋਗ | 5:30-6-00 | ਸ਼ਾਮ | ਪਾਰਕ ਵਿੱਚ |
| ਸੋ ਦਰ ਰਹਿਰਾਸ ਚੌਕੀ | 6:00- 6:30 | ਸ਼ਾਮ | ਸੰਗਤੀ ਰੂਪ ਵਿੱਚ |
| ਕਲਾਸ ਕੀਰਤਨ/ ਤਬਲਾ | 6:30-8:00 | ਸ਼ਾਮ | ਕਲਾਸ ਰੂਮ ਵਿੱਚ |
| ਲੰਗਰ | 8:00-9:00 | ਰਾਤ | ਪੰਗਤ ਵਿੱਚ |
| ਤੰਤੀ ਸਾਜਾਂ ਦਾ ਅਭਿਆਸ | 9: 00 - 10:00 | ਰਾਤ | ਆਪੋ ਆਪਣਾ |
| ਵਿਸ਼ਰਾਮ ਦਾ ਸਮਾਂ | 10: 00 | ਰਾਤ | ਖਾਮੋਸ਼ੀ |

## ਵਿਦਿਆਰਥੀ ਤਬਲਾ ਕਲਾਸ

ਗੁ. ਕਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸ਼ਾਮ ਹਰ ਰੋਜ਼ ਇੱਕ ਜੱਥਾ ਕੀਰਤਨ ਹਾਜ਼ਰੀ ਭਰਦਾ ਹੈ। ਸਮੇਂ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਸੇਵਾ ਨਿਭਾਈ ਜਾ ਰਹੀ ਹੈ। ਭਾਈ ਅਜੀਤ ਸਿੰਘ ਅਭਿਆਸੀ ਅਕੈਡਮੀ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਜ ਜੀ ਦੇ ਲੜੀਵਾਰ ਸਰੂਪ ਤੇ ਗੁਰਬਾਣੀ ਸੰਥਿਆ ਨਿਰੰਤਰ ਕਰਵਾ ਰਹੇ ਹਨ।

## ਅਕੈਡਮੀ ਦੀਆਂ ਪ੍ਰਾਪਤੀਆਂ ਤੇ ਵਿਦਿਆਰਥੀ

17 ਦਸੰਬਰ 1999 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰੰਪਰਾਗਤ ਕੀਰਤਨ ਸ਼ੈਲੀ ਅਨੁਸਾਰ ਤੰਤੀ ਸਾਜਾਂ ਦੁਆਰਾ ਕੀਰਤਨ ਸਿਖਲਾਈ ਦੇ ਕਾਰਜ ਗੁਰੂ ਕਿਰਪਾ ਨਾਲ ਸੁਚੱਜੇ ਢੰਗ ਨਾਲ ਚਲ ਰਹੀ ਹੈ। ਅਕੈਡਮੀ ਦੇ ਪਹਿਲੇ ਅੱਠ ਸ਼ੈਸ਼ਨਾਂ (1999–2023) ਵਿੱਚ 231 ਵਿਦਿਆਰਥੀ ਨੇ ਤੰਤੀ ਸਾਜ (ਤਾਨਪੁਰ,ਦਿਲਰੁਬਾ ਰਬਾਬ ਤੇ ਸਿਰੰਦਾ ਸਾਜਾਂ ਨਾਲ ਕੀਰਤਨ ਸਿਖਲਾਈ ਪ੍ਰਾਪਤ ਕਰਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸਿੱਖ ਪੰਥ ਦੇ ਮਹਾਨ ਤਖ਼ਤਾਂ,ਇਤਿਹਾਸਿਕ ਗੁਰ ਅਸਥਾਨਾਂ ਤੇ ਵਿਦੇਸ਼ਾਂ ਦੇ ਵਿੱਚ ਕੀਰਤਨ ਸੇਵਾ ਤੰਤੀ ਸਾਜਾਂ ਨਾਲ ਨਿਭਾ ਰਹੇ ਹਨ। ਕੁੱਝ ਵਿਦਿਆਰਥੀ ਸੰਗੀਤ ਅਧਿਆਪਕ ਦੀਆਂ ਸੇਵਾਵਾਂ ਨਿਭਾ ਰਹੇ ਹਨ। ਵੇਰਵਾ ਹੇਠ ਲਿਖੇ ਅਨੁਸਾਰ ਹੈ।

## ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਸੇਵਾ

ਜਥੇਦਾਰ ਰਾਗੀ ਸਿੱਖ ਪੰਥ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮਿਤਸਰ ਸਾਹਿਬ ਵਿਖੇ ਅਕੈਡਮੀ ਦੇ ਵਿਦਿਆਰਥੀ ਭਾਈ ਹਰਪਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਗੁਰਮੁਖ ਸਿੰਘ,ਭਾਈ ਸਰਵਣ ਸਿੰਘ, ਭਾਈ ਜਸਪਿੰਦਰ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਹਰਜੋਤ ਸਿੰਘ, ਭਾਈ ਯਾਦਵਿੰਦਰ ਸਿੰਘ, ਭਾਈ ਨਵਜਿੰਦਰ ਸਿੰਘ, ਭਾਈ ਗੁਰਸੇਵਕ ਸਿੰਘ ਦੇ ਭਾਈ ਗੁਰਪ੍ਰੀਤ ਸਿੰਘ ਰਾਗੀ ਜਥੇ ਤੰਤੀ ਸਾਜਾਂ ਨਾਲ ਕੀਰਤਨ ਸੇਵਾ ਨਿਭਾ ਰਹੇ ਹਨ।

## ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ ਵਾਦਕ

ਭਾਈ ਰਵਿੰਦਰ ਸਿੰਘ ਦਿਲਰੁਬਾ ਵਾਦਕ,ਭਾਈ ਮੇਹਰਬਾਨ ਸਿੰਘ ਰਬਾਬ ਵਾਦਕ, ਭਾਈ ਪਪਿੰਦਰ ਸਿੰਘ ਤਾਨਪੁਰਾ ਵਾਦਕ, ਭਾਈ ਦਲਜੀਤ ਸਿੰਘ ਦਿਲਰੁਬਾ ਵਾਦਕ, ਭਾਈ ਗੁਰਵਿੰਦਰ ਸਿੰਘ ਤਾਊਸ ਵਾਦਕ, ਭਾਈ ਹਰਪ੍ਰੀਤ ਸਿੰਘ, ਭਾਈ ਗੁਰਜੀਤ ਸਿੰਘ ਤੇ ਭਾਈ ਗੁਰਿੰਦਰਜੀਤ ਸਿੰਘ ਦਿਲਰੁਬਾ ਵਾਦਕ ਤੰਤੀ ਸਾਜਾਂ ਦੇ ਨਾਲ ਸੇਵਾ ਨਿਭਾ ਰਹੇ ਹਨ।

ਸਹਾਇਕ ਰਾਗੀ : ਭਾਈ ਪਰਮਿੰਦਰ ਸਿੰਘ, ਭਾਈ ਮਨਦੀਪ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਬਿਕਰਮਜੀਤ ਸਿੰਘ ਤੇ ਭਾਈ ਹਰਦੀਪ ਸਿੰਘ ਸੇਵਾ ਨਿਭਾ ਰਹੇ ਹਨ।

ਤਬਲਾ ਵਾਦਕ : ਭਾਈ ਰਣਜੀਤ ਸਿੰਘ, ਭਾਈ ਸੰਦੀਪ ਸਿੰਘ, ਭਾਈ ਸਤਵੀਰ ਸਿੰਘ, ਭਾਈ ਸਤਿੰਦਰ ਸਿੰਘ, ਭਾਈ ਸਤਵੰਤ ਸਿੰਘ, ਭਾਈ ਜਸਪਾਲ ਸਿੰਘ ਸੇਵਾ ਨਿਭਾ ਰਹੇ ਹਨ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕੀਰਤਨ ਸੇਵਾ

ਜਥੇਦਾਰ ਰਾਗੀ ਭਾਈ ਚਾਨਣ ਸਿੰਘ, ਭਾਈ ਸਤਿੰਦਰਪਾਲ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਜੁਗਰਾਜ ਸਿੰਘ, ਭਾਈ ਤਜੇਸ਼ਵਰ ਸਿੰਘ, ਭਾਈ ਬਲਤੇਜ ਸਿੰਘ, ਭਾਈ ਨੌਨਿਹਾਲ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਉਪਿੰਦਰਪਾਲ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਇੰਦਰਪ੍ਰੀਤ ਸਿੰਘ ਕੀਰਤਨ ਸੇਵਾ ਨਿਭਾ ਰਹੇ ਹਨ।

ਸਹਾਇਕ ਰਾਗੀ : ਭਾਈ ਪਰਮਿੰਦਰ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਮਨਿੰਦਰ ਸਿੰਘ, ਭਾਈ ਮਨਪ੍ਰੀਤ ਸਿੰਘ ਤੇ ਭਾਈ ਕਵਲਜੀਤ ਸਿੰਘ ਸੇਵਾ ਨਿਭਾ ਰਹੇ ਹਨ।

ਤਬਲਾ ਵਾਦਕ : ਭਾਈ ਸਰਬਜੀਤ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਜਸਪ੍ਰੀਤ ਸਿੰਘ, ਭਾਈ ਮਨਰਾਜ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਲਖਵੀਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਪੰਕਜ ਸਿੰਘ, ਭਾਈ ਜੋਰਾਵਰ ਸਿੰਘ ਤੇ ਭਾਈ ਜਗਤੇਸ਼ਵਰ ਸਿੰਘ ਸੇਵਾ ਨਿਭਾ ਰਹੇ ਹਨ।

## ਪ੍ਰਮੁੱਖ ਗੁਰ ਅਸਥਾਨਾਂ ਤੇ ਕੀਰਤਨ ਸੇਵਾਵਾਂ

ਭਾਈ ਸੁਖਜਿੰਦਰ ਸਿੰਘ ਜਥੇਦਾਰ ਰਾਗੀ ਭਾਈ ਸਰਬਜੋਤ ਸਿੰਘ ਤਬਲਾ ਵਾਦਕ ਗੁ. ਬਾਬਾ ਬਕਾਲਾ ਸਾਹਿਬ, ਭਾਈ ਗੁਲਜਾਰ ਸਿੰਘ ਜਥੇਦਾਰ ਰਾਗੀ ਭਾਈ ਦਵਿੰਦਰ ਸਿੰਘ ਤਬਲਾ ਵਾਦਕ ਬੀੜ ਬਾਬਾ ਬੁੱਢਾ ਸਾਹਿਬ, ਭਾਈ ਪਰਦੀਪ ਸਿੰਘ

ਜਥੇਦਾਰ ਰਾਗੀ ਪਿੱਪਲੀ ਸਾਹਿਬ, ਭਾਈ ਰਾਜਵੀਰ ਸਿੰਘ ਜਥੇਦਾਰ ਰਾਗੀ, ਭਾਈ ਗੁਰਜੰਟ ਸਿੰਘ ਜਥੇਦਾਰ ਰਾਗੀ , ਭਾਈ ਗੁਰਸੇਵਕ ਸਿੰਘ ਜਥੇਦਾਰ ਰਾਗੀ, ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ, ਭਾਈ ਦਿਲਬਰ ਸਿੰਘ ਜਥੇਦਾਰ ਰਾਗੀ ਭਾਈ ਮਨਜਿੰਦਰ ਸਿੰਘ ਸਹਾਇਕ ਰਾਗੀ ਗੁ. ਫਤਹਿਗੜ੍ਹ ਸਾਹਿਬ, ਭਾਈ ਬੱਗਾ ਸਿੰਘ ਜਥੇਦਾਰ ਰਾਗੀ, ਮਨਜਿੰਦਰ ਸਿੰਘ ਸਹਾਇਕ ਰਾਗੀ, ਭਾਈ ਗੁਰਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਤਬਲਾ ਵਾਦਕ, ਭਾਈ ਸਤਵਿੰਦਰ ਸਿੰਘ ਤਬਲਾ ਵਾਦਕ, ਭਾਈ ਜਸਵੰਤ ਸਿੰਘ ਤਬਲਾ ਵਾਦਕ ਗੁ. ਬੇਰ ਸਾਹਿਬ ਸੁਲਤਾਨਪੁਰ ਲੋਧੀ ਕਪੂਰਥਲਾ, ਭਾਈ ਮਨਜਿੰਦਰ ਸਿੰਘ ਰਬਾਬੀ ਜਥੇਦਾਰ ਰਾਗੀ, ਭਾਈ ਇੰਦਰਜੀਤ ਸਿੰਘ ਜਥੇਦਾਰ ਰਾਗੀ,ਭਾਈ ਕਰਨਜੀਤ ਸਿੰਘ ਸਹਾਇਕ ਰਾਗੀ, ਭਾਈ ਗੁਰਜੰਟ ਸਿੰਘ ਸਹਾਇਕ ਰਾਗੀ, ਗੁ. ਨਾਢਾ ਸਾਹਿਬ, ਭਾਈ ਵਿਪਨਦੀਪ ਸਿੰਘ ਜਥੇਦਾਰ ਰਾਗੀ ਭਾਈ ਸਹਾਇਕ ਰਾਗੀ ਲਵਦੀਪ ਸਿੰਘ ਗੁ. ਸਿੰਘ ਸਭਾ ਨਕੋਦਰ, ਭਾਈ ਪ੍ਰਭਜੋਤ ਸਿੰਘ ਘੁੜਾਮ ਪਟਿਆਲਾ, ਭਾਈ ਪ੍ਰਭਦੀਪ ਸਿੰਘ ਗੁ. ਨਾਨਕ ਦਰਬਾਰ ਅਰੋਲੀ ਬੰਬਈ, ਭਾਈ ਬਲਵਿੰਦਰ ਸਿੰਘ ਜਥੇਦਾਰ ਰਾਗੀ, ਭਾਈ ਪਰਮਜੀਤ ਸਿੰਘ ਸਹਾਇਕ, ਭਾਈ ਜਸਪਿੰਦਰ ਸਿੰਘ ਰਾਬਾਬੀ,ਭਾਈ ਜੋਬਨਜੀਤ ਸਿੰਘ ਤਬਲਾ ਵਾਦਕ ਗੁ. ਸ੍ਰੀ ਸੁਖਚੈਨਿਆਣਾ ਸਾਹਿਬ ਫਗਵਾੜਾ, ਭਾਈ ਗੁਰਮੁਖ ਸਿੰਘਜਥੇਦਾਰ ਰਾਗੀ, ਮਨਪ੍ਰੀਤ ਸਿੰਘ ਤਬਲਾ ਵਾਦਕ ਗੁ. ਚਰਨ ਕੰਵਲ ਸਾਹਿਬ ਬੰਗਾ,ਭਾਈ ਮਨਪ੍ਰੀਤ ਸ਼ਿੰਘ ਜਥੇਦਾਰ ਰਾਗੀ, ਭਾਈ ਅੰਮ੍ਰਿਤਪਾਲ ਸਿੰਘ ਤਬਲਾ ਵਾਦਕ ਗੁ. ਸਦਾਬਰਤ ਸਾਹਿਬ ਰੋਪੜ। ਅਮਨਦੀਪ ਸਿੰਘ ਜਥੇਦਾਰ ਰਾਗੀ, ਭਾਈ ਕਰਨਜੀਤ ਸਿੰਘ ਸਹਾਇਕ ਰਾਗੀ ਭਾਈ ਹਰਦੀਪ ਸਿੰਘ ਤਬਲਾ ਵਾਦਕ ਸਿੰਘ ਗੁ. ਸਿੰਘ ਸਭਾ ਜੀਰਾ, ਭਾਈ ਮਨਿੰਦਰ ਗੁ. ਭੱਠਾ ਸਾਹਿਬ ਰੋਪੜ, ਭਾਈ ਬਲਵੀਰ ਸਿੰਘ ਜਥੇਦਾਰ ਰਾਗੀ, ਭਾਈ ਅਮਨਦੀਪ ਸਿੰਘ ਸਹਾਇਕ ਰਾਗੀ ਅਰਸ਼ਪ੍ਰੀਤ ਸਿੰਘ ਤਬਲਾ ਵਾਦਕ ਗੁ. ਮੰਜੀ ਸਾਹਿਬ ਕੋਟਾਂ ਲੁਧਿਆਣਾ, ਭਾਈ ਜਸ਼ਨਪ੍ਰੀਤ ਸਿੰਘ ਹੈਡ ਰਾਗੀ ਈਸਟ ਅਫਰੀਕਾ, ਭਾਈ ਵੀਰਦਵਿੰਦਰ ਸਿੰਘ ਜਥੇਦਾਰ ਰਾਗੀ ਭਾਈ ਹਰੀਦੇਵ ਸਿੰਘ ਤਬਲਾ ਵਾਦਕ ਗੁ ਸਿੰਘ ਸਭਾ ਸੈਕਟਰ 2 ਨਯਾ ਨੰਗਲ, ਭਾਈ ਗੁਰਦਿੱਤ ਸਿੰਘ ਜਥੇਦਾਰ ਰਾਗੀ ਬੁਰਜ ਸਾਹਿਬ ਧਾਰੀਵਾਲ,ਭਾਈ ਮਨਜਿੰਦਰ ਸਿੰਘ ਜਥੇਦਾਰ ਗੁ. ਕਲਗੀਧਰ ਸਾਹਿਬ ਅਜਨਾਲਾ, ਭਾਈ ਸਤਨਾਮ ਸਿੰਘ ਜਥੇਦਾਰ ਰਾਗੀ ਗੁ. ਤੁਲਸੀਦਾਸ ਜੀ ਮੋਗਾ,ਭਾਈ ਜਗਜੀਤ ਸਿੰਘ ਜਥੇਦਾਰ ਰਾਗੀ ਭਾਈ ਰਜਵੰਤ ਸਿੰਘ ਹੈਡ ਗ੍ਰੰਥੀ ਪਿੰਗ ਬੋਤੀਆਂ ਜੀਰਾ,ਭਾਈ ਹਰਬਿੰਦਰ ਸਿੰਘ ਜਥੇਦਾਰ ਰਾਗੀ ਅੰਮ੍ਰਿਤਸਰ,

## ਵਿਦਿਆਰਥੀਆਂ ਦਾ ਅਧਿਆਪਕ ਖੇਤਰ

ਭਾਈ ਸੁਖਵਿੰਦਰ ਸਿੰਘ ਇੰਚਾਰਜ ਤੇ ਸੰਗੀਤ ਅਧਿਆਪਕ ਪਦਮ ਸ੍ਰੀ ਪ੍ਰੋ ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ, ਭਾਈ ਜਗਦੀਪ ਸਿੰਘ ਪ੍ਰਿੰਸੀਪਲ ਚੀਫ ਖਾਲਸਾ ਦੀਵਾਨ ਤਰਨਤਾਰਨ, ਭਾਈ ਇਕਬਾਲ ਸਿੰਘ ਤਬਲਾ ਅਧਿਆਪਕ ਗੁਰਮਤਿ ਸੰਗੀਤ ਅਕੈਡਮੀ ਸੇਖੂਪੁਰਾ ਮੰਚੂਰੀ, ਭਾਈ ਬਲਜਿੰਦਰ ਸਿੰਘ ਸੰਗੀਤ ਅਧਿਆਪਕ ਡੇਰਾ ਬਾਬਾ ਨਾਨਕ ਗੁਰਦਾਸਪੁਰ, ਭਾਈ ਸਿਮਰਨਜੀਤ ਸਿੰਘ ਗੁ ਨਾਨਕ ਪਿਆਉ ਯੂ.ਪੀ, ਭਾਈ ਜਸਪ੍ਰੀਤ ਸਿੰਘ ਝਾਰਖੰਡ, ਭਾਈ ਚਮਕੌਰ ਸਿੰਘ ਸੰਗੀਤ ਅਧਿਆਪਕ ਅਦਰਸ਼ ਸੀਨੀਅਰ ਸਕੂਲ ਬੋਹਾ ਮਾਨਸਾ। ਭਾਈ ਜਸਕੀਰਤ ਸਿੰਘ ਗੁਰੂਬਲ ਅਕੈਡਮੀ ਬੁਢਲਾਡਾ। ਭਾਈ ਹਰਸ਼ਿਤ ਸਿੰਘ ਰਾਚੀ ਝਾਰਖੰਡ, ਭਾਈ ਸੁਖਦੇਵ ਸਿੰਘ, ਭਾਈ ਸਤਵੀਰ ਸਿੰਘ ਕਨੇਡਾ, ਭਾਈ ਜਗਦੀਪ ਸਿੰਘ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

## ਪ੍ਰਤੀਯੋਗਤਵਾਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ

ਸਾਲ 2008 ਵਿੱਚ ਸੀਨੀਅਰ ਕੈਟਾਗਰੀ ਵਿੱਚ ਵਿਅਕਤੀਗਤ ਸ਼ਬਦ ਕੀਰਤਨ ਮੁਲਾਬਲੇ ਵਿੱਚ ਭਾਈ ਜਸਪਿੰਦਰ ਸਿੰਘ ਵਿਦਿਆਰਥੀ ਨੇ ਪਟਿਆਲਾ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਾਲ 2008 ਵਿੱਚ ਜਸਪਿੰਦਰ ਸਿੰਘ ਨੇ ਗਰੁੱਪ ਸ਼ਬਦ ਮੁਕਾਬਲੇ ਵਿੱਚ ਅਕੈਡਮੀ ਦੇ ਵਿਦਿਆਰਥੀਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਾਲ 2009 ਵਿੱਚ ਅਕੈਡਮੀ ਦੇ ਵਿਦਿਆਰਥੀਆਂ ਨੇ ਗਰੁੱਪ ਸ਼ਬਦ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਵਿਅਕਤੀਗਤ ਕੀਰਤਨ ਮੁਲਾਬਲੇ ਵਿੱਚ ਭੁਪਿੰਦਰ ਸਿੰਘ ਵਿਦਿਆਰਥੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਾਲ 2010 ਵਿੱਚ ਵਿਅਕਤੀਗਤ ਸਬਦ ਕੀਰਤਨ ਮੁਕਾਬਲਿਆਂ ਵਿੱਚ ਸਰਵਣ ਸਿੰਘ ਪਹਿਲਾ ਸਥਾਨ ਪ੍ਰਾਪਤ ਕੀਤਾ। ਸਤਿੰਦਰਪਾਲ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਮਨਜਿੰਦਰ ਸਿੰਘ ਦੇ ਗਰੁੱਪ ਨੇ ਗਰੁਪ ਸ਼ਬਦ ਮਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਾਲ 2013 ਵਿੱਚ ਵਿਅਕਤੀਗਤ ਸ਼ਬਦ ਕੀਰਤਨ ਮੁਕਾਬਲੇ ਵਿੱਚ ਜੁਗਰਾਜ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਤਬਲਾ ਵਾਦਨ ਸੋਲੋ ਵਿੱਚ ਗੁਰਜਿੰਦਰ ਸਿੰਘ ਨੇ ਪਟਿਆਲਾ ਯੂਨੀਵਰਸਿਟੀ ਦੂਜਾ ਸਥਾਨ ਪ੍ਰਾਪਤ ਕੀਤਾ। ਗਰੁੱਪ ਕੀਰਤਨ ਪ੍ਰਤੀਯੋਗਤਾ ਵਿੱਚ ਲਖਵਿੰਦਰ ਸਿੰਘ ਦੇ ਗਰੁੱਪ ਨੇ ਤੀਜਾ ਸਥਾਨ ਤੇ ਜੁਗਰਾਜ ਸਿੰਘ ਗਰੁੱਪ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।

## ਵਿਦਿਆਰਥੀਆਂ ਦੀਆਂ ਕੀਰਤਨ ਹਾਜਰੀਆਂ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਾਲ 2000 ਤੋਂ ਅਕੈਡਮੀ ਦੇ ਵਿਦਿਆਰਥੀ ਵੱਖ-ਵੱਖ ਜੱਥਿਆਂ ਦੇ ਰੂਪ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੇਂ ਸਮੇਂ ਕੀਰਤਨ ਹਾਜਰੀਆਂ,ਹੋਲਾ ਮਹੱਲਾ ਸਮੇਂ ਬਸੰਤ ਕੀਰਤਨ ਦਰਬਾਰ, ਵਿਸਾਖੀ ਦੇ ਸਮਾਗਮਾਂ ਤੇ ਹੋਰ ਸਲਾਨਾਂ ਸਮਾਗਮਾਂ ਵਿੱਚ ਕੀਰਤਨ ਹਾਜਰੀਆਂ ਭਰਦੇ ਆ ਰਹੇ ਹਨ। ਗੁ. ਕਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸ਼ਾਮ ਸਮੇਂ ਦੀ ਕੀਰਤਨ ਚੌਕੀ ਵਿੱਚ ਹਰ ਰੋਜ਼ ਹਾਜ਼ਰੀ ਭਰਦੇ ਆ ਰਹੇ ਹਨ।

ਸ਼ਤਾਬਦੀਆਂ :- ਸ਼੍ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਵੱਲੋ ਪਿਛਲੇ ਦਹਾਕੇ ਵਿੱਚ ਮਨਾਈਆਂ ਗਈ ਸਾਰੀਆਂ ਸ਼ਤਾਬਦੀਆਂ ਵਿੱਚ, ਗੁ. ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਤੇ ਹੋਰ ਗੁਰ ਅਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਦਰਬਾਰਾਂ ਵਿੱਚ ਹਾਜ਼ਰੀਆਂ ਭਰਦੇ ਆ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ :- ਗੁਰਮਤਿ ਸੰਗੀਤ ਉਤਸਵ ਵਿੱਚ ਵਿਦਿਆਰਥੀ ਕੀਰਤਨ ਹਾਜਰੀਆਂ ਭਰਦੇ ਆ ਰਹੇ ਹਨ।

## ਸੰਸਥਾ

ਗੁਰਮਤਿ ਸੰਗੀਤ ਅਕੈਡਮੀ ਦੇ ਨਾਮ ਦੀ ਸੰਸਥਾਂ ਸ਼ੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੜੀ ਦੂਰਦਰਸ਼ੀ ਦੇ ਨਾਲ ਸਥਾਪਿਤ ਕੀਤੀ ਇਸ ਸੰਸਥਾਂ ਨੇ ਵਿਸ਼ਵ ਵਿੱਚ ਆਪਣੀ ਨਿਵੇਕਲੀ ਤੇ ਵਿਸ਼ੇਸ਼ ਪਹਿਚਾਣ ਬਣਾਈ। ਗੁਰਪੁਰ ਵਾਸੀ ਉਸਤਾਦ ਪ੍ਰੋ. ਕਰਤਾਰ ਸਿੰਘ ਜੋ 1960 ਤੋਂ ਆਪ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਆ ਰਹੇ ਸਨ। ਅਧਿਆਪਨ ਖੇਤਰ ਵਿੱਚ ਗੁਰੂ ਨਾਨਕ ਕਾਲਜ ਲੁਧਿਆਣਾ ਵਿਖੇ ਲੰਮਾ ਸਮਾਂ ਨਿਭਾਈਆਂ ਸੇਵਾਵਾਂ ਨੂੰ ਦੇਖਦੇ ਹੋਏ ਇਸ ਅਕੈਡਮੀ ਦੇ ਡਾਇਰੈਕਰ ਨਿਯੁਕਤ ਕੀਤਾ ਗਿਆ। ਪ੍ਰੋ. ਸਾਹਿਬ ਜੀ ਦਾ ਕੀਰਤਨ ਸਿੱਖਲਾਈ ਦਾ ਢੰਗ ਬਹੁਤ ਹੀ ਸਰਲ ਸੀ ਸਧਾਰਨ ਤੋਂ ਸਧਾਰਨ ਵਿਦਿਆਰਥੀ ਵੀ ਕੀਰਤਨ ਵਿੱਚ ਮੁਹਾਰਤ ਹਾਸਲ ਕਰ ਲੈਂਦਾ। ਅਕੈਡਮੀ ਦੇ ਪਹਿਲੇ ਸ਼ੈਸ਼ਨ (1999-2002) ਵਿੱਚ ਤਿਆਰ ਕੀਤੇ ਵਿਦਿਆਰਥੀ ਪੰਥ ਵਿੱਚ ਤੰਤੀ ਸਾਜਾਂ ਦੇ ਨਾਲ ਸ਼੍ਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਗੁਰ ਅਸਥਾਨਾਂ ਤੇ ਕੀਰਤਨਨ ਸੇਵਾ ਦੀ ਆਰੰਭਤਾ ਕੀਤੀ। ਸੰਗਤਾਂ ਨੇ ਬਹੁਤ ਹੀ ਭਰਪੂਰ ਉਤਸ਼ਾਹ ਦਿੱਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਤੰਤੀ ਸਾਜਾਂ ਦੇ ਨਾਲ ਭਾਈ ਹਰਪਿੰਦਰ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਸੇਵਾ ਆਰੰਭਤਾ ਕੀਤੀ ਕੁੱਝ ਸਮਾਂ ਪਾ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜਾਂ ਦੇ ਨਾਲ ਕੀਰਤਨ ਕਰਨ ਸੇਵਾ ਸੌਂਪੀ ਗਈ। ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜਾਂ ਦੇ ਪ੍ਰਚਾਰ ਕਰਨ ਲਈ 2005 ਵਿੱਚ ਅਕੈਡਮੀ ਦੇ ਵਿਦਿਆਰਥੀ ਭਾਈ ਨਵਜਿੰਦਰ ਸਿੰਘ ਤੇ 2006 ਵਿੱਚ ਭਾਈ ਗੁਰਸੇਵਕ ਸਿੰਘ ਦਿਲਰੁਬਾ ਵਾਦਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਨਿਯੁਕਤ ਕੀਤੇ। ਸਾਲ 2006 ਵਿੱਚ ਤੰਤੀ ਸਾਜਾਂ ਦੀ ਮੁੜ ਬਹਾਲੀ ਲਈ ਕੀਰਤਨ ਦੀ ਆਰੰਭਤਾ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਜੀ ਪਾਸੋਂ ਕਰਵਾਈ ਗਈ। ਪ੍ਰੋ. ਸਾਹਿਬ ਜੀ ਨੇ ਸੈਂਕੜੇ ਹੀ ਸੰਗੀਤ ਪ੍ਰੋਫੈਸਰ, ਸੰਗੀਤ ਅਧਿਆਪਕਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲੇ ਰਾਗੀ ਜਥਿਆਂ ਦਾ ਇਕ ਕਾਫਲਾ ਤਿਆਰ ਕੀਤਾ। ਜਿਸ ਨੇ ਅਲੋਪ ਹੋ ਚੁੱਕੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਪੁਨਰ ਸੁਰਜੀਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਅਕੈਡਮੀ ਡਿਊਟੀ ਦੇ ਦੌਰਾਨ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਗੁਰਮਤਿ ਸੰਗੀਤ ਕੀਰਤਨ ਪ੍ਰੰਪਰਾ ਨੂੰ ਲਿਖਤੀ ਰੂਪ ਦੇਣ ਲਈ ਗੁਰਬਾਣੀ ਸੰਗੀਤ ਦਰਪਣ, ਗੁਰਮਤਿ ਸੰਗੀਤ ਦਰਪਣ ਭਾਗ ਪਹਿਲਾ ਦੀਜਾ ਤੀਜਾ, ਗੁਰੂ ਅੰਗਦਦੇਵ ਸੰਗੀਤ ਦਰਪਣ, ਤੇਗਬਹਾਦਰ ਸੰਗੀਤ ਦਰਪਣ ਤੇ ਭਗਤ ਬਾਣੀ ਸੰਗੀਤ ਦਰਪਣ ਛੇ ਪੁਸਤਕਾਂ ਨੂੰ ਲਿੱਪੀਬੱਧ ਕੀਤਾ ਇਹਨਾਂ ਪੁਸਤਕਾਂ ਨੂੰ ਸ਼੍ਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਸ਼੍ਰੋਮਣੀ ਕਮੇਟੀ ਨੇ ਗੁਰਮਤਿ ਸੰਗੀਤ ਦੇ ਪ੍ਰਬੰਧ ਤੇ ਪ੍ਰਸਾਰ ਬਹੁਤ ਹੀ ਵੱਡੇ ਕਾਰਜ ਵੱਡੇ ਕਾਰਜ ਕੀਤੇ। ਭਾਰਤ ਸਰਕਾਰ ਨੇ ਪ੍ਰੋ. ਸਾਹਿਬ ਦੇ ਗੁਰਮਤਿ ਸੰਗੀਤ ਨੂੰ ਸਮਰਪਿਤ ਨਿੱਘਰ ਕਾਰਜਾਂ ਦੇ ਸਦਕਾ ਨੈਸ਼ਨਲ ਅਵਾਰਡ, ਪਦਮ ਸ੍ਰੀ ਅਵਾਰਡ, ਸੰਗੀਤ ਰਤਨ ਅਵਾਰਡ, ਸ਼੍ਰੋਮਣੀ ਰਾਗੀ ਅਵਾਰਡ, ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ, ਗੁਰਮਤਿ ਸੰਗੀਤ ਸੀਨੀਅਰ ਫੈਲੋਸ਼ਿਪ, ਭਾਈ ਮਰਦਾਨਾ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸਥਾਪਿਤ ਅਕੈਡਮੀ ਵੱਲੋਂ ਦਾ ਤੰਤੀ ਸਾਜਾਂ ਦਾ ਬਹੁਤ ਪ੍ਰਚਾਰ

ਹੋਇਆ ਪੰਥ ਦੀ ਝੋਲੀ ਵਿੱਚ ਬਹੁਤ ਹੀ ਸੁਰੀਲੇ ਰਾਗੀ ਜਥੇ ਪਾਏ। ਸਾਲ 2000 ਤੋਂ ਪ੍ਰੋ. ਸਾਹਿਬ ਕੀਰਤਨ ਸਬ ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਉਦੇ ਰਹੇ ਅੰਤਿਮ ਸਵਾਸਾ ਤੀਕ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ 2 ਜਨਵਰੀ 2022 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੀਆ ਮਹਾਨ ਸੇਵਾ ਨੂੰ ਮੁੱਖ ਰੱਖਦੇ ਹੋਏ ਅਕੈਡਮੀ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਸ਼੍ਰੀ ਅੰਮ੍ਰਿਤਸਰ ਨੇ ਇਸ ਦਾ ਨਾਮ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਰੱਖ ਦਿੱਤਾ ਗਿਆ। ਓਹਨਾਂ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਇਸ ਅਕੈਡਮੀ ਦੇ ਪਹਿਲੇ ਸ਼ੈਸਨ ਦੇ ਵਿਦਿਆਰਥੀ ਭਾਈ ਸੁਖਵਿੰਦਰ ਸਿੰਘ ਬਤੌਰ ਇੰਚਾਰਜ ਤੇ ਸੰਗੀਤ ਅਧਿਆਪਕ ਤੇ ਕੀਰਤਨ ਸਬ ਕਮੇਟੀ ਮੈਂਬਰ ਵਜੋਂ ਸੇਵਾ ਨਿਭਾ ਰਹੇ ਹਨ। ਭਾਈ ਸਤਨਾਮ ਸਿੰਘ ਧਾਰਮਿਕ ਅਧਿਆਪਕ, ਭਾਈ ਬਲਬੀਰ ਸਿੰਘ ਤਬਲਾ ਅਧਿਆਪਕ, ਬੀਬੀ ਸਿਮਰਨਜੀਤ ਕੌਰ ਸੰਗੀਤ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਾਖਲ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਗੁਰੂ ਕਾਲ ਦੀ ਕੀਰਤਨ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 63 ਰਾਗਾਂ ਤੇ ਹੋਰ ਭਾਰਤੀ ਸੰਗੀਤ ਦੇ ਪ੍ਰਚੱਲਿਤ ਰਾਗਾਂ ਵਿੱਚ ਤਕਰੀਬਨ 300 ਸ਼ਬਦ ਬੰਦਸ਼ਾਂ ਵਿੱਚ ਤੰਤੀ ਸਾਜਾਂ ਦੇ ਨਾਲ ਕੀਰਤਨ ਸਿਖਲਾਈ ਕਰਵਾਈ ਜਾਂਦੀ ਹੈ। ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਸ਼ੈਲੀ ਨੂੰ ਜੀਵਤ ਰੱਖਣ ਦਾ ਜਦੋਂ ਵੀ ਜਿਕਰ ਆਉਂਦਾ ਹੈ ਤਾਂ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦਾ ਨਾਮ ਮੋਹਰਲੀ ਕਤਾਰ ਵਿੱਚ ਆਉਂਦਾ ਹੈ। ਹਰ ਇਕ ਕੀਰਤਨ ਵਿਦਿਆਰਥੀ, ਕੀਰਤਨ ਪ੍ਰੇਮੀ ਤੱਕ ਗੁਰਮਤਿ ਕੀਰਤਨ ਸ਼ੈਲੀ ਪਹੁੰਚਾਉਣ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸ. ਬਲਵਿੰਦਰ ਸਿੰਘ ਕਾਹਲਵਾ ਸਕੱਤਰ ਧਰਮ ਪ੍ਰਚਾਰ ਕਮੇਟੀ ਨੇ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਰਾਹੀਂ ਬਹੁਤ ਹੀ ਸ਼ਲਾਘਾਯੋਗ ਉਪਰਾਲੇ ਕੀਤੇ ਜਿਸ ਨਾਲ ਗੁਰਮਤਿ ਸੰਗੀਤ ਦੀ ਪੁਰਾਤਨ ਕੀਰਤਨ ਮਰਿਯਦਾ ਦੀ ਸਾਂਭ ਸੰਭਾਲ ਦੇ ਲਈ ਮੀਲ ਪੱਥਰ ਸਥਾਪਿਤ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਰਸ ਪਾਸ ਕਰ ਚੱਕੇ ਵਿਦਿਆਰਥੀਆਂ ਨੂੰ ਪ੍ਰਬੰਧ ਅਧੀਨ ਪ੍ਰਮੁੱਖ ਗੁਰ ਅਸਥਾਨਾਂ ਤੇ ਕੀਰਤਨ ਸੇਵਾਵਾਂ ਨਿਭਾਉਣ ਲਈ ਰਾਗੀ ਜਥਿਆਂ ਦੀਆਂ ਨਿਯੁਕਤੀਆਂ ਕਰ ਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਰਾਗੀ ਜਿਥਿਆਂ ਨੂੰ ਕਿਰਤ ਦੇ ਵਸੀਲੇ ਪ੍ਰਦਾਨ ਕੀਤੇ ਜਾ ਰਹੇ ਹਨ।

ਇੰਚਾਰਜ
ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ
ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ
ਮੋਬਾ. 87250-02015

**ਜ਼ਰੂਰੀ ਬੇਨਤੀ**

ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

# ਗੁਰਮਤਿ ਸੰਗੀਤ ਦੇ ਅਨਮੋਲ ਹੀਰੇ – ਪ੍ਰੋ.ਦਰਸ਼ਨ ਸਿੰਘ ‘ਕੋਮਲ’

**ਤੀਰਥ ਸਿੰਘ ਢਿੱਲੋਂ**

ਗੁਰਮਤਿ ਸੰਗੀਤ ਅਰਥਾਤ ਕੀਰਤਨ, ਸਭ ਤੋਂ ਅਮੁੱਲੀ ਦਾਤ ਹੈ, ਜਿਹੜੀ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਹੈ। ਸਮੇਂ ਸਮੇਂ ਤੇ ਸਿੱਖ ਪੰਥ ਵਿੱਚ ਅਜਿਹੇ ਉਸਤਾਦ ਕੀਰਤਨੀਏ ਪੈਦਾ ਹੋਏ ਹਨ ਜਿਨ੍ਹਾਂ ਦੀ ਘਾਲਣਾ ਅਤੇ ਦੇਣ ਸੁਨਹਿਰੀ ਅੱਖਰਾਂ ਵਿੱਚ ਲਿਖਣਯੋਗ ਹੈ। ਇਨ੍ਹਾਂ ਵਿੱਚੋਂ ਇੱਕ ਦਾ ਜ਼ਿਕਰ ਅਸੀਂ ਇਸ ਲੇਖ ਰਾਹੀਂ ਕਰਾਂਗੇ। ਇਹ ਹਨ – ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੰਗਲ ਕਲਾਂ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਪੈਦਾ ਹੋਏ ਪ੍ਰੋ.ਦਰਸ਼ਨ ਸਿੰਘ ‘ਕੋਮਲ’। ਬਾਲਕ ਦਰਸ਼ਨ ਸਿੰਘ ਦਾ ਜਨਮ ਸੰਨ 1918 ਵਿੱਚ ਹੋਇਆ। ਨੰਗਲ ਕਲਾਂ ਪਿੰਡ ਮਾਹਿਲਪੁਰ ਕਸਬੇ ਲਾਗੇ ਹੈ। ਉਨ੍ਹਾਂ ਦੀ ਮਾਤਾ ਮਹਾਂ ਕੌਰ ਨੇ ਬਾਲ ਵਰੇਸ਼ ਵਿੱਚ ਹੀ ਆਪਣੇ ਪੁੱਤਰ ਅੰਦਰ ਸੰਗੀਤ ਲਈ ਪਿਆਰ ਭਰ ਦਿੱਤਾ। ਦੋ ਸਾਲ ਦੀ ਨਿਆਣੀ ਉਮਰੇ ਹੀ ਬਾਲਕ ਦਰਸ਼ਨ ਸਿੰਘ ਦੀ ਅੱਖਾਂ ਦੀ ਲੋਅ ਜਾਂਦੀ ਰਹੀ। ਉਨ੍ਹਾਂ ਦੇ ਜੀਵਨ ਦਾ ਵੱਡਾ ਮੋੜ ਸੀ।

ਮਾਪਿਆਂ ਨੇ ਸੰਗੀਤ ਦੀ ਤਾਲੀਮ ਲਈ ਬਾਲਕ ਨੂੰ ਅੰਮ੍ਰਿਤਸਰ ਸਥਿਤ ਚੀਫ਼ ਖ਼ਾਲਸਾ ਦੀਵਾਨ ਦੇ ਅਨਾਥ ਆਸ਼ਰਮ ਵਿੱਚ ਦਾਖ਼ਲ ਕਰਵਾ ਦਿੱਤਾ। ਉੱਥੇ ਉਨ੍ਹਾਂ ਉਸਤਾਦ ਸਾਈਂ ਦਿੱਤਾ ਵਰਗੇ ਮਹਾਂਰਥੀ ਕੋਲੋਂ ਸੱਤ ਸਾਲ ਤੱਕ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। ਉਸਤਾਦ ਜੀ, ਉਨ੍ਹਾਂ ਨੂੰ ਬਹੁਤ ਸਨੇਹ ਕਰਦੇ ਸਨ। ਫੇਰ ਉਨ੍ਹਾਂ ਮੁਲਤਾਨ ਦੇ ਉਸਤਾਦ ਪੰਡਿਤ ਹੁਕਮ ਚੰਦ ਕੋਲੋਂ ਵੀ ਤਕਰੀਬਨ ਸੱਤ ਸਾਲ ਸੰਗੀਤ ਦੀ ਤਾਲੀਮ ਲਈ। ਉਹ ਮੁਲਤਾਨ ਵਿੱਚ ਸੰਗੀਤ ਸਿਖਾਉਂਦੇ ਵੀ ਰਹੇ। ਮੁਲਤਾਨ ਦੇ ਭੀਮੂ ਖਾਂ ਨਕਾਰਚੀ ਕੋਲੋਂ ਉਨ੍ਹਾਂ ਤਬਲਾ ਵਾਦਨ ਦੀ ਸਿੱਖਿਆ ਵੀ ਲਈ ਅਤੇ ਇਸ ਤਰ੍ਹਾਂ ਉਹ ਤਬਲਾ ਵਾਦਨ ਦੇ ਵੀ ਪ੍ਰਬੀਨ ਵਜੰਤਰੀ ਬਣ ਗਏ।

ਏਡੇ ਮੰਨੇ ਪ੍ਰਮੰਨੇ ਉਸਤਾਦਾਂ ਕੋਲੋਂ ਤਾਲੀਮ ਲੈਣ ਉਪਰੰਤ ਉਹ ਆਪਣੇ ਪਿੰਡ ਆ ਗਏ ਅਤੇ “ਗੁਰੂ ਨਾਨਕ ਸੰਗੀਤ ਵਿਦਿਆਲਾ” ਖੋਲ੍ਹ ਕੇ ਵਿਦਿਆਰਥੀਆਂ ਨੂੰ ਸਿਖਾਉਣ ਲੱਗ ਪਏ। ਉਨ੍ਹਾਂ ਆਪਣਾ ਤਖ਼ੱਲਸ ‘ਕੋਮਲ’ ਰੱਖਿਆ। ਉਹ ਕਾਵਿ ਕਲਾ ਦੇ ਵੀ ਪ੍ਰਕਾਂਡ ਵਿਦਵਾਨ ਸਨ, ਜਿਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ, ਵੱਡੇ ਵੱਡੇ ਰਾਗੀ, ਢਾਡੀ ਗਾਉਂਦੇ ਸਨ। ਉਨ੍ਹਾਂ ਆਲੇ ਦੁਆਲੇ ਦੇ ਪਿੰਡਾਂ, ਕਸਬਿਆਂ ਵਿੱਚ ਜਾ ਕੇ ਵੀ ਸੰਗੀਤ ਦੀ ਦਾਤ ਵੰਡੀ। ਉਸ ਸਮੇਂ ਦੇ ਉਸਤਾਦ ਮਲੰਗ ਖਾਂ ਵਰਗੇ ਹਰ ਫਿਰਕੇ ਦੇ ਉਸਤਾਦ ਸਾਹਿਬਾਨ, ‘ਕੋਮਲ’ ਜੀ ਦੇ ਉਪਾਸ਼ਕ ਸਨ। ਦੇਸ਼ ਦੀ ਪ੍ਰਸਿੱਧ “ਪ੍ਰਯਾਗ ਸੰਗੀਤ ਸਮਿਤੀ ਅਲਾਹਾਬਾਦ” ਵੀ ਉਨ੍ਹਾਂ ਦੀ ਮੁਰੀਦ ਤੇ ਕਦਰਦਾਨ ਸੀ। ਕੋਮਲ ਜੀ, ਜੋਤਿਸ਼ ਵਿੱਦਿਆ ਦੇ ਵੀ ਮਾਹਿਰ ਸਨ।

ਉਸਤਾਦ‘ਕੋਮਲ’ ਜੀ ਨੇ ਹੁਸ਼ਿਆਰਪੁਰ ਸ਼ਹਿਰ ਦੇ ਘੰਟਾ ਘਰ ਚੌਂਕ ਵਰਗੇ ਰੌਣਕੀ ਇਲਾਕੇ ਵਿੱਚ ਚੁਬਾਰੇ ਵਿਖੇ “ਕੋਮਲ ਕਲਾ ਕੇਂਦਰ” ਨਾਂ ਦੇ ਸੰਗੀਤ ਵਿਦਿਆਲੇ ਵਿੱਚ ਸੰਗੀਤ (ਗਾਇਨ ਅਤੇ ਵਾਦਨ) ਦੀ ਸਿੱਖਿਆ ਦਿੱਤੀ। ਆਪਣੇ ਸ਼ਾਗਿਰਦਾਂ ਨੂੰ ਉਹ ਪੁੱਤਰਾਂ ਧੀਆਂ ਵਾਂਗ ਪਿਆਰ ਕਰਦੇ ਸਨ। ਉਨ੍ਹਾਂ ਦੇ ਸ਼ਾਗਿਰਦਾਂ ਦੀ ਗਿਣਤੀ, ਢਾਈ ਹਜ਼ਾਰ ਤੱਕ ਹੈ ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ – ਮਰਹੂਮ ਭਾਈ ਧਰਮ ਸਿੰਘ ‘ਜ਼ਖ਼ਮੀ’, ਪ੍ਰਿੰਸੀਪਲ ਚੰਨਣ ਸਿੰਘ “ਮਜ਼ਬੂਰ”, ਮੇਰੇ ਮਾਸੀ ਦੇ ਪੁੱਤਰ (ਮਸੇਰੇ ਭਰਾ), ਭਾਈ ਰੇਸ਼ਮ ਸਿੰਘ ‘ਰਸੀਲਾ’ (ਸਰੀ, ਕੈਨੇਡਾ), ਉਸਤਾਦ ਦੀਦਾਰ ਸਿੰਘ ਨੰਗਲ ਖੁਰਦ, ਭਾਈ ਗੁਰਬਚਨ ਸਿੰਘ ‘ਹਮਦਰਦ’, ਗਿਆਨ ਸਿੰਘ ‘ਸੁਰਜੀਤ’, ਸੀਤਲ ਸਿੰਘ ‘ਸਿਤਾਰਾ’ (ਯੂ.ਕੇ.), ਉਸਤਾਦ ਅਜੀਤ ਸਿੰਘ ‘ਮੁਲਤਾਨੀ’, ਭਾਈ ਜਗਤ ਸਿੰਘ, ਭਾਈ ਚੰਨਣ ਸਿੰਘ ‘ਸੇਵਕ’, ਸ੍ਰੀ ਅਨੰਦਪੁਰ ਸਾਹਿਬ, ਭਾਈ ਰਘਬੀਰ ਸਿੰਘ ‘ਦੀਵਾਨਾ’ ਕੇਨੀਆ, ਭਾਈ ਦਰਸ਼ਨ ਸਿੰਘ ਸੋਹਲ ਆਦਿ।

ਪ੍ਰਸਿੱਧ ਪੁਸਤਕਾਂ –“ਨਜ਼ਰਾਨਾ”, “ਕੋਮਲ ਟੋਕਰਾ”, “ਵਡਮੁੱਲੇ ਹੀਰੇ”। ਧਾਰਮਿਕ, ਸਮਾਜਿਕ ਤੇ ਨੈਤਿਕ ਵਿਸ਼ੇ ਉਨ੍ਹਾਂ ਦੀ ਪੁਰਜ਼ੋਰ ਕਲਮ ਨੇ ਛੋਹੇ। ਇੱਕ ਵੰਨਗੀ :–

“ਸਾਹਿਬ ਕੌਰ, ਐਸਾ ਦੌਰ<br>
ਫਲੇਗਾ ਜਹਾਨ ‘ਤੇ।<br>
ਕੋਈ ਕੋਈ ਬੰਦਾ ਰਹੂ ਆਪਣੇ ਈਮਾਨ ‘ਤੇ।”

ਐਸੀ ਅਜ਼ੀਮ ਸ਼ਖਸੀਅਤ ਨਾਲ ਉਮਰ ਨੇ ਵਫ਼ਾ ਨਹੀਂ ਕੀਤੀ। ਪੰਥ ਤੇ ਪੰਜਾਬ ਦੇ ਇਹ ਮਹਾਨ ਸਪੂਤ, ਮਹਿਜ਼ 44 ਸਾਲ ਦੀ ਉਮਰ ਭੋਗ ਕੇ, ਜੂਨ 1962 ਵਿੱਚ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਲਾਇਕ ਤੇ ਸੁਰੀਲੇ ਸ਼ਾਗਿਰਦ ਪ੍ਰੋ.ਦੀਦਾਰ ਸਿੰਘ ਨੰਗਲ ਖੁਰਦ ਉਨ੍ਹਾਂ ਦੇ ਉਤਰਾਧਿਕਾਰੀ ਥਾਪੇ ਗਏ। ਪਰ ਅਫ਼ਸੋਸ-ਦਰ-ਅਫ਼ਸੋਸ ਇਹ ਕੀਮਤੀ ਹੀਰਾ ਵੀ ਭਰ ਜਵਾਨੀ ਵਿੱਚ ਚਲਾਣਾ ਕਰ ਗਿਆ। ਕੈਨੇਡਾ ਵਸਦੇ ਦਰਸ਼ਨ ਸਿੰਘ ਵਿਲ੍ਹਖ ਨੇ ਭਾਈ ਦੀਦਾਰ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਪਿੰਡ ਨੰਗਲ ਖੁਰਦ ਵਿੱਚ ਸੰਗੀਤ ਵਿਦਿਆਲੇ, ਸਕੂਲ, ਲਾਇਬ੍ਰੇਰੀ, ਕਿੱਤਾਮੁਖੀ ਸਿੱਖਿਆ ਕੇਂਦਰ ਦੀ ਸਥਾਪਨਾ ਕੀਤੀ ਹੈ, ਯਾਦਗਾਰੀ ਗੇਟ ਉਸਾਰਿਆ ਹੈ। ਹਰ ਸਾਲ ਖੁਦ ਪੰਜਾਬ ਆ ਕੇ ਬਰਸੀ ਮਨਾਉਂਦੇ ਹਨ।

ਉਸਤਾਦ ਦਰਸ਼ਨ ਸਿੰਘ "ਕੋਮਲ" ਦੇ ਸ਼ਾਗਿਰਦਾਂ, ਸੀਤਲ ਸਿੰਘ 'ਸਿਤਾਰਾ' ਅਤੇ ਗਿਆਨ ਸਿੰਘ "ਸੁਰਜੀਤ" (ਯੂ.ਕੇ.) ਨੇ ਕੋਮਲ ਜੀ ਦੀ ਯਾਦ ਵਿੱਚ ਪੁਸਤਕ ਲਿਖੀ ਹੈ -"ਕੋਮਲ ਗੁਰਮਤਿ ਸੰਗੀਤ"।

ਉਸਤਾਦ 'ਕੋਮਲ' ਜੀ ਦੇ ਗੁਣੀ ਸ਼ਾਗਿਰਦਾਂ, ਸ਼੍ਰੋਮਣੀ ਰਾਗੀ ਸਵਰਗੀ ਪ੍ਰਿੰਸੀਪਲ ਚੰਨਣ ਸਿੰਘ ਜੀ 'ਮਜ਼ਬੂਰ' ਤੇ ਗੁਰਦੇਵ ਸਿੰਘ ਫੁੱਲ (ਸਰੀ) ਨੇ ਪਹਿਲਾਂ ਅਮਰ ਸੰਗੀਤ ਵਿਦਿਆਲਾ ਦੀ ਸਥਾਪਨਾ ਕਰਕੇ ਅਨੇਕ ਕੀਰਤਨਕਾਰ ਪੈਦਾ ਕੀਤੇ। ਹੁਣ ਇਹ ਅਦਾਰਾ ਫਤਿਹਗੜ੍ਹ ਰੋਡ (ਹੁਸ਼ਿਆਰਪੁਰ) ਵਿਖਏ ਗੁਰੂ ਹਰਿਰਾਇ ਕੋਮਲ ਨੇਤਰਹੀਣ ਕੋਮਲ ਕਲਾ ਕੇਂਦਰ ਸਮੇਤ ਸਭ ਸਹੂਲਤਾਂ, ਸ਼ਾਨਦਾਰ ਸੇਵਾਵਾਂ ਨਿਭਾਅ ਰਿਹਾ ਹੈ।

"ਕੋਮਲ" ਜੀ ਦੀ ਬਰਸੀ ਹਰ ਸਾਲ ਉਨ੍ਹਾਂ ਦੇ ਸ਼ਾਗਿਰਦਾਂ,ਪ੍ਰਸ਼ੰਸਕਾ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਨੰਗਲ ਕਲਾਂ ਵਿੱਚ ਮਨਾਈ ਜਾਂਦੀ ਹੈ।

**ਮੋਬਾਇਲ - 9815461710**

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

# ਰਾਗ ਆਸਾਵਰੀ

**ਅਰਸ਼ਦੀਪ ਸਿੰਘ**

ਆਸਾਵਰੀ ਇੱਕ ਪ੍ਰਚਲਿਤ ਅਤੇ ਕਰੁਣਾ-ਰਸ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ਰਾਗ ਆਸਾ ਦੇ ਹੀ ਅੰਤਰਗਤ ਹੈ। ਸੋਵੀਰੀ ਯਾ ਸਾਵਰੀ ਆਸਾਵਰੀ ਦੇ ਹੀ ਨਾਮ ਹਨ। ਇਸ ਰਾਗ ਵਿੱਚ ਗਾ, ਧਾ, ਨੀ ਕੋਮਲ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਰਾਗ ਆਸਾਵਰੀ ਦੇ ਪੁਰਾਤਨ ਸਰੂਪ ਨੂੰ ਅੱਜ-ਕੱਲ ਕੋਮਲ ਰਿਖਬ ਆਸਾਵਰੀ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਜੌਨਪੁਰੀ ਆਸਾਵਰੀ ਦੇ ਨਾਲ ਰਲਦਾ-ਮਿਲਦਾ ਰਾਗ ਹੈ। ਆਰੋਹ ਵਿੱਚ ਨਿਸ਼ਾਦ ਦਾ ਪ੍ਰਯੋਗ ਕਰਨ ਨਾਲ ਇਹ ਜੌਨਪੁਰੀ ਦਾ ਰੂਪ ਬਣ ਜਾਂਦਾ ਹੈ।

*[ਸ੍ਰੋਤ: ਗੁਰਮਤਿ ਸੰਗੀਤ ਸਾਗਰ – ਭਾਗ ੧]*

**ਠਾਟ** – ਆਸਾਵਰੀ

**ਵਾਦੀ** – ਧੈਵਤ, **ਸੰਵਾਦੀ** – ਗੰਧਾਰ

**ਸਮਾਂ** – ਦਿਨ ਦਾ ਪਹਿਲਾ ਪਹਿਰ

**ਜਾਤੀ** – ਓਡਵ-ਸੰਪੂਰਨ

**ਆਰੋਹ** – ਸ, ਰੇ ਮਾ ਪਾ <u>ਧਾ</u> ਸਂ।
**ਅਵਰੋਹ** – ਸਂ, <u>ਨੀ</u> <u>ਧਾ</u>, ਪਾ <u>ਧਾ</u> ਮਾ ਪਾ <u>ਗ</u>, ਰੇ ਸ।
**ਮੁੱਖ ਅੰਗ** – ਮਾ ਪਾ, <u>ਧਾ</u> ਪਾ, ਮਾ ਪਾ <u>ਗ</u>, ਰੇ ਸ।

**ਰੀਤ ਬਾਰੇ:** ਇਹ ਰੀਤ **ਡਾ. ਜਗੀਰ ਸਿੰਘ ਜੀ (ਚੰਡੀਗੜ੍ਹ)** ਵੱਲੋਂ ਗਾਈ ਗਈ ਹੈ। ਇਹ ਰੀਤ ਉਹਨਾਂ ਨੂੰ ਆਪਣੇ ਪਿਤਾ ਜੀ **ਭਾਈ ਉੱਤਮ ਸਿੰਘ ਜੀ ਪਤੰਗ (ਸ਼੍ਰੋਮਣੀ ਰਾਗੀ)** ਦੇ ਘਰਾਣੇ ਵਿੱਚੋਂ ਪ੍ਰਾਪਤ ਹੋਈ।

## ਰਾਗ ਆਸਾਵਰੀ, ਤਾਲ ਤਿੰਨਤਾਲ

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ॥

ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ॥

ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥

ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾ ਪਤਿ ਲੈਹੈ ॥੫॥੨੪੭॥

(ਤ੍ਵ ਪ੍ਰਸਾਦਿ ॥ ਸ੍ਵੱਯੇ ॥ - ਪਾਤਸ਼ਾਹੀ ੧੦)

| ਅਸਥਾਈ | | | ਤਿੰਨਤਾਲ |
|---|---|---|---|
| ਧਾ ਧਿੰ ਧਿੰ ਧਾ<br>× | ਧਾ ਧਿੰ ਧਿੰ ਧਾ<br>੨ | ਧਾ ਤਿੰ ਤਿੰ ਤਾ<br>੦ | ਤਾ ਧਿੰ ਧਿੰ ਧਾ<br>੩ |
| | | ਮਾ- ਮਾਮਾ<br>ਕਾ- ਹੇ ਕੋ | ਪਾ- ਮਾ- ਪਾ- ਸਾਂਸਾਂ<br>ਡੋ- -- ਲ- ਤ- |
| ਧਾ ਧਾ ਧਾ ਮਾ<br>ਹੈ - - ਤੁਮ | ਪਾ ਪਾ ਪਾ ਗਾ<br>ਰੀ - - ਸੁਧ | ਰੇ ਸਾ ਰੇ- ਮਾਮਾ<br>- - ਕਾ- ਹੇ ਕੋ | ਪਾ- ਮਾ- ਪਾ- ਸਾਂਸਾਂ<br>ਡੋ- -- ਲ- ਤ- |
| ਧਾ ਧਾ ਧਾ ਮਾ<br>ਹੈ - - ਤੁਮ | ਪਾ ਪਾ ਪਾ ਗਾ<br>ਰੀ - - ਸੁਧ | ਰੇ ਸਾ ਰੇ ਰੇ<br>- - ਸੁੰ ਦਰ | ਰੇ ਰੇ ਰੇ ਰੇਰੇ<br>ਸ੍ਰੀ - - ਪਦ |
| ਰੇ ਗਾ ਗਾ ਰੇਸ<br>ਮਾ - - ਪਤ | ਰੇ ਰੇ[ਨੀ] ਸਾ -<br>ਲੈ – ਹੈ - | - - ਮਾ- ਮਾਮਾ<br>- - ਕਾਹੇ ਕੋ... | |
| ਅੰਤਰਾ | | | |
| | | ਮਾ ਪਾ<br>ਕਾ- ਮ ਨਾ | ਧਾ ਧਾ ਧਾਪਾ -ਧਾ<br>ਕ੍ਰੋ - - ਧ ਨ |
| ਸਾਂ ਸਾਂ ਸਾਂ ਨੀ<br>- ਲੋ ਭ ਨਾ- | ਰੇਂ ਰੇਂ[ਗਾਂ] ਸਾਂ ਸਾਂ<br>ਮੋ – ਹ - | - - ਮਾ ਪਾ<br>- - ਕਾ- ਮ ਨਾ | ਧਾ ਧਾ ਧਾਪਾ -ਧਾ<br>ਕ੍ਰੋ - - ਧ ਨਾ |
| ਸਾਂ ਸਾਂ ਸਾਂ ਨੀ<br>- ਲੋ ਭ ਨਾ- | ਰੇਂ ਰੇਂ[ਗਾਂ] ਸਾਂ ਸਾਂ<br>ਮੋ – ਹ - | - - ਰੇਂ ਰੇਂਰੇਂ<br>- - ਨ ਰੋਗ ਨਾ | ਰੇਂ ਰੇਂ - ਰੇਂਰੇਂ<br>- ਸੋ- ਗ ਨਾ- |
| ਸਾਂ ਰੇਂਰੇਂ ਗਾਂ ਰੇਂ<br>- ਭੋ- - ਗ | ਸਾਂ ਨੀ ਸਾਂ ਧਾਨੀ<br>ਨਾ - ਭੈ- ਹੈ- | ਪਾ - ਪਾ ਪਾ<br>- - ਨ ਰੋ -ਗ | ਪਾ ਪਾ ਪਾ ਪਾ<br>ਨ ਸੋ -ਗ ਨ - |
| ਮਾ – ਮਾਪਾ -<br>- ਭੋ- - ਗ ਨ | ਗਾ – ਰੇ ਸਾ<br>ਭੈ - ਹੈ - | - - ਰੇ- ਮਾਮਾ<br>- - ਕਾਹੇ ਕੋ... | |

**ਸੁਰਲਿੱਪੀ ਕਰਤਾ:** ਅਰਸ਼ਦੀਪ ਸਿੰਘ

**ਈ-ਮੇਲ:** arshdeep.gs@icloud.com

# राग कबीर भैरव

गुरबख्श सिंह

इस आधुनिक संपूर्ण राग में ऋषभ, धैवत कोमल तथा दोनों निषाद का प्रयोग होता है। आरोह में शुद्ध निषाद तथा अवरोह में कोमल निषाद का प्रयोग करके बाकी यह राग भैरव सा ही है, केवल अवरोह में कई बार गंधार या मध्यम से सीधा षड़ज पर जाया जाता है। आरोह में धैवत अंदोलित परन्तु अवरोह में अंदोलित नहीं लिया जाता। आलाप को कई बार गंधार पर समाप्त किया जाता है। जैसे :– सा रे ग म रे ग।

इस राग का वादी स्वर मध्यम, संवादी षड़ज तथा गायन समय प्रात:काल है।

**आरोह :** सा रे ग म, प ध नि सां

**अवरोह :** सां नि ध प म, ग म रे सा

**मुरव्य अंग :** ग म नि ध प म रें नि ध प म

**चलन :** सा, रे ऩि ध़ ऩि सा। सा रे ग रे सा। सा ऩि ध़ ऩि सा रे ग, ग म रे सा। सा रे ग म, ग म सा। सा, ध़ ऩि सा रे, ग, म, प म ग म, रे ग म ग सा। सा रे ग म, रे ग म ग सा। रे ग म ग रे ऩि ध़ सा। सा रे ग म प, प ध म प ग म रे ग, प ध नि ध प म ग म सा ग म प ध नि ध प, म प ध नि सां। सां रें सां नि ध नि सां। सां रें सां, ध नि रें सां। सां रें गं मं रें सां, सां रें नि ध प, ध म, प म रे म, म सा।

## कबीर भैरव (झपताल)

*इहु धनु मेरे हरि को नाउ ॥ गांठि न बाधउ बेचि न खाउ ॥१॥ रहाउ॥*
*नाउ मेरे खेती नाउ मेरे बारी ॥ भगति करउ जनु सरनि तुम्हारी ॥१॥*
*नाउ मेरे माइआ नाउ मेरे पूंजी ॥ तुमहि छोडि जानउ नही दूजी ॥२॥*
*नाउ मेरे बंधिप नाउ मेरे भाई ॥ नाउ मेरे संगि अंति होइ सखाई ॥३॥*
*माइआ महि जिसु रखै उदासु ॥ कहि कबीर हउ ता को दासु ॥४॥*
*( भैरउ कबीर जीउ ) अंग ११५७*

### स्थाई

| | | | | | | | | | |
|---|---|---|---|---|---|---|---|---|---|
| धरें | नि | ध | प | नि | ध | प | म | ग | म |
| इ | हु | ध | ऽ | न | मे | ऽ | रे | ऽ | ऽ |
| प | ध | म | – | प | ग | म | – | – | सा |
| ह | र | को | ऽ | ऽ | ना | ऽ | म | ऽ | ऽ |

| | | | | | | | | | |
|---|---|---|---|---|---|---|---|---|---|
| सा | नि़ | (नि)ध़॒ | - | नि़ | सा | रे॒ | म | ग | म |
| गाँ | ऽ | ठ | ऽ | न | बा | ऽ | ध | ऽ | उ |
| (नि)ध॒ | नि | सां | रें॒ | सां | नि॒ | ध॒ | प | मग | म |
| बे | ऽ | च | ऽ | न | खा | ऽ | ऽ | ऽऽ | उ |
| x | | २ | | | ० | | ३ | | |

## अंतरा

| | | | | | | | | | |
|---|---|---|---|---|---|---|---|---|---|
| प | म | ग | म | (नि)ध॒ | नि | - | सां | - | - |
| ना | उ | मे | ऽ | रे | खे | ऽ | ती | ऽ | ऽ |
| रें॒ | गं | रें॒ | - | सां | नि॒ | ध॒ | प | ग | म |
| ना | उ | मे | ऽ | रे | बा | ऽ | री | ऽ | ऽ |
| म | नि॒ | (नि)ध॒ | - | प | ध॒ | म | म | - | सा |
| भ | ग | त | ऽ | क | र | उ | ज | ऽ | न |
| सा | सा | (नि)ध़॒ | - | नि़ | सा | रे॒ | ग | - | म |
| स | र | न | ऽ | तु | मा | ऽ | री | ऽ | ऽ |
| x | | २ | | | ० | | ३ | | |

**M : +44 7443 657800**
**Email:gurbuxsingh@gmail.com**

**ਡਾ. ਜਾਗੀਰ ਸਿੰਘ ਦੀ ਨਵੀਂ ਪੁਸਤਕ**




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ **ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ, ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715, 9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।

# ਤਿੰਨ ਤਾਲ ਦੀਆਂ ਉਠਾਨਾਂ / ਮੋਹਰੇ

**ਪ੍ਰੋ. ਹਰਭਜਨ ਸਿੰਘ ਧਾਰੀਵਾਲ (ਲਾਹੌਰ ਬਾਜ ਪੰਜਾਬ ਘਰਾਣਾ)**

ਤਬਲਾ ਸਿੱਖਿਆਰਥੀਆਂ ਲਈ ਤਿੰਨ ਤਾਲ ਵਿੱਚ **ਇੱਕ ਅਰਸੇ** ਦੀਆਂ 10 ਉਠਾਨਾਂ / ਮੋਹਰੇ

**ਉਠਾਨ:** ਗਾਇਨ, ਵਾਦਨ ਜਾਂ ਨਾਚ ਦੇ ਆਰੰਭ ਵਿੱਚ ਤਬਲੇ ਦੇ ਖ਼ੂਬਸੂਰਤ ਬੋਲਾਂ ਦੀ ਤਿਹਾਈਦਾਰ ਬੰਦਿਸ਼ ਨੂੰ ਉਠਾਨ ਜਾਂ ਮੋਹਰਾ ਕਿਹਾ ਜਾਂਦਾ ਹੈ। ਆਮ ਕਰਕੇ ਇਹ ਬੰਦਿਸ਼ ਇਕ ਅਰਸੇ ਦੀ ਹੁੰਦੀ ਹੈ ਜਿਸ ਨੂੰ ਜ਼ੋਰਦਾਰੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਜਾ ਕੇ ਸਮ ਗ੍ਰਹਿਣ ਕੀਤਾ ਜਾਂਦਾ ਹੈ। ਏਕਲ ਤਬਲਾ ਵਾਦਨ ਵਿੱਚ ਵੀ ਅਜਿਹੀਆਂ ਬੰਦਿਸ਼ਾਂ ਨੂੰ ਵਜਾਇਆ ਜਾਦਾ ਹੈ। ਉਠਾਨਾਂ ਨੂੰ ਆਰੰਭ ਤੋਂ ਇਲਾਵਾ ਗਾਇਨ ਵਾਦਨ ਜਾਂ ਨਾਚ ਦੌਰਾਨ ਲੋੜ ਮੁਤਾਬਿਕ ਖ਼ੂਬਸੂਰਤੀ ਵਧਾਉਣ ਲਈ ਵੀ ਵਜਾਇਆ ਜਾ ਸਕਦਾ ਹੈ ਜੋ ਕਲਾਕਾਰ ਦੀ ਸੂਝ-ਬੂਝ ਨੂੰ ਦਰਸਾਉਂਦਾ ਹੈ। ਇਨ੍ਹਾਂ ਬੰਦਿਸ਼ਾਂ ਦੀ ਨਿਕਾਸ ਵਿੱਧੀ ਦੀ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ +91-9814349658 ਤੇ ਵਟਸ ਅਪ ਮੈਸਿਜ ਕਰ ਸਕਦੇ ਹਨ। ਇਨ੍ਹਾਂ ਬੰਦਿਸ਼ਾਂ ਨੂੰ ਪਹਿਲਾਂ ਗਿਣਤੀ ਮਿਣਤੀ ਅਤੇ ਤਾਲੀ ਰੱਖ ਕੇ ਯਾਦ ਕਰੋ ਫਿਰ ਹੌਲੀ ਹੌਲੀ ਤਬਲੇ ਤੇ ਵਜਾਉਣ ਦਾ ਨਿਰੰਤਰ ਰਿਆਜ਼ ਕਰਦੇ ਰਹੋ। ਇਸ ਤਰ੍ਹਾਂ ਕਾਫੀ ਰਿਆਜ਼ ਕਰਨ ਤੋਂ ਬਾਅਦ ਬੋਲ ਤਿਆਰ ਹੋ ਜਾਣਗੇ।

1. ਤਿਟਕਤਾ ਗੇ-ਦੂੰ ਘਿਨਾਨਗ ਤਿਟਤਿਟ ਕਤਾ-ਕ ਤਿਰਕਿਟ ਧਾਕਿਟ ਧਾਕਿਟ ਧਾ-ਕਤ੍ ,
ਤਿਰਕਿਟ ਧਾਕਿਟ ਧਾਕਿਟ ਧਾ-ਕਤ੍ , ਤਿਰਕਿਟ ਧਾਕਿਟ ਧਾਕਿਟ , | ਧਾ--
2. ਕਤਾ-ਕ ਤਿਰਕਿਟ ਧਾਤਿਰ ਕਿਟਧਾ ਤਿਰਕਿਟ ਤੀਨਾ ਘਿੜਨਗ ਤਕ੍ਕੜਾ-ਨ੍ ਧਾ--,
ਤੀਨਾ ਘਿੜਨਗਤਕ੍ ਕੜਾ-ਨ੍ ਧਾ--, ਤੀਨਾ ਘਿੜਨਗ ਤਕ੍ਕੜਾ-ਨ | ਧਾ--
3. ਧਿਟਤਿਟ ਤਾਗੇਤਿਟ ਕਿੜਧੇਤਿਟ ਕਤਕਤ ਕਤਾ-ਕ ਤਿਟਤਿਟ ਕਿਟਧਾ- ਨ੍ਧਾ-ਨ੍ ਧਾ-ਕਤ,
ਤਿਟਤਿਟ ਕਿਟਧਾ- ਨ੍ਧਾ-ਨ੍ ਧਾ-ਕਤ, ਤਿਟਤਿਟ ਕਿਟਧਾ- ਨ੍ਧਾ-ਨ੍ | ਧਾ—
4. ਧਿਟਤਿਟ ਤਾਗੇਤਿਟ ਕਿੜਧੇਤਿਟ ਤਾਗੇਤਿਟ ਕਿੜਧੇਤਿਟ ਕਿੜਧੇਤਿਟ ਗਦਿਗੇਨ੍ ਨਗਤਿਟ ਕਿੜਧੇਤਿਟ
ਕੜਾ-ਨ੍ ਧਾ-ਤਿਟ, ਕਿੜਧੇਤਿਟ 100 ਕਤਾ-ਕ ਤਿਰਕਿਟ ਨਗਨਗ ਤਿਰਕਿਟ ਧਾ-ਕਤ੍,
-ਨ੍ ਧਾ-ਤਿਟ, ਕਿੜਧੇਤਿਟ 100 ਕਤਾ-ਕ ਤਿਰਕਿਟ ਨਗਨਗ ਤਿਰਕਿਟ ਧਾ-ਕਤ੍,
ਤਿਰਕਿਟ ਨਗਨਗ ਤਿਰਕਿਟ ਧਾ-ਕਤ੍, ਤਿਰਕਿਟ ਨਗਨਗ ਤਿਰਕਿਟ | ਧਾ—
6. ਧਾਗੇਤਿਟ ਤਾਗੇਤਿਟ ਗਦਿਗੇਨ੍ ਨਗਤਿਟ ਕਤਾਗਦਿ ਗੇਨ੍ਧਾ- ਧੜਾ-ਨ੍ ਕਤਕਤਾ ਘੇਘੇਤਿਟ
ਕਤਾ-ਨ੍ ਧਾ-ਤਿਟ, ਘੇਘੇ ਤਿਟ ਕਤਾ-ਨ੍ ਧਾ-ਤਿਟ , ਘੇਘੇਤਿਟ ਕਤਾ-ਨ੍ | ਧਾ—
7. ਤਿਰਕਿਟਤਕਤਾ- ਘੇਘੇਤਿਟ ਘੇਘੇਦੂੰ- ਘੇਘੇਤਿਟ ਕਤਾ-ਕ ਧਿਰਧਿਰਕਿਟਤਕ ਧਿਰਧਿਰਕਿਟਤਕ
ਤਕ੍ਕੜਾ-ਨ੍ ਧਾ-ਕਤ੍, ਧਿਰਧਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ੍ ਧਾ-ਕਤ੍,
ਧਿਰਧਿਰਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ੍ | ਧਾ-
8. ਧਾਗੇਨਾਧਿੰਨ -ਧਿੰਨਗੇਨਾ ਧਾਗੇਤਿਟ ਕਿਟਧਾਗੇ ਤਿਟਘੇੜਾਂ -ਨ੍ਧਾ ਟਧਾ ਤੀਨਾ ਧਾ-ਘੇੜਾਂ,
-ਨ੍ਧਾ ਟਧਾ ਤੀਨਾ ਧਾ-ਘੇੜਾ-, ਨ੍ਧਾ ਟਧਾ ਤੀਨਾ | ਧਾ—
9. ਧਿਰਧਿਰਕਿਟਤਕ ਤਕੜਧਾ- ਧਿਰਧਿਰਕਿਟਤਕ ਤਕੜਧਾ- ਧਿਰਧਿਰਕਿਟਤਕ ਤਕੜਧਾ-
-ਤਕੜ ਧਾ-ਤਕੜ ਧਾ-- ਕਤ੍ਧਿਰਧਿਰ ਕਿਟਤਕਤਕੜ ਧਾ-ਕਤ ਧਿਰਧਿਰਕਿਟਤਕ
ਤਕੜਧਾ- ਕਤ੍ਧਿਰਧਿਰ ਕਿਟਤਕਤਕੜ | ਧਾ---
10. ਤਕਿਟਤ ਕਿਟਤਕ ਕਿਟਤਕ ਤਕਿਟਧਿ ਤਿਟਕਿਟਤਕ ਤਕ੍ਗੇਦੂੰ ਕਿਟਤਕਤਕ੍ ਕੜਾ-ਨ੍
ਧਾ-ਕਿਟਤਕ, ਤਕ੍ਗੇਦੂੰ ਕਿਟਤਕਤਕ੍ ਕੜਾ-ਨ੍ ਧਾ-ਕਿਟਤਕ, ਤਕ੍ਗੇਦੂੰ ਕਿਟਤਕਤਕ੍
ਕੜਾ-ਨ, | ਧਾ---

**# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519**
**ਜਿਲ੍ਹਾ : ਗੁਰਦਾਸਪੁਰ , ਪੰਜਾਬ (ਭਾਰਤ) ਫੋਨ : +91-9814349658**

RNI Regd. No. 46788/89 ISSN 0972-2335

www.alpoverseas.com

ALP
THE ALP GROUP

LEADERS IN
EPDM & RUBBER
Polymer based products




GLOBAL PRESENCE




Manufactured and Marketed by: **ALP OVERSEAS PVT. LTD.**
**Corporate Office**: Plot No. 32, Sector-18 HUDA, Gurgaon, Haryana - 122015 (INDIA)
**Telephone**: +91-124-4731500 | **Website**: www.alpoverseas.com